UGC Approved

ISSN : 2456 - 253X

ਮਨੁੱਖੀ ਕਦਰਾਂ ਦਾ ਰਚਨਾਤਮਕ ਸਫ਼ਰ


# ਆਬਰੂ

ਅਕਤੂਬਰ - ਦਸੰਬਰ 2023



# ਡਾ. ਮੋਨੋਜੀਤ ਦੇ ਸੱਤ ਵਿਅੰਗ ਸੰਗ੍ਰਹਿ























RNI : JKPUN/2002/6333 UGC Care List ISSN : 2456 - 253X

# ਆਬਰੂ

## ਮਨੁੱਖੀ ਕਦਰਾਂ ਦਾ ਰਚਨਾਤਮਕ ਸਫ਼ਰ

*(A Creative Journey of Human Values)*

ਸਾਲ : 22 ਅੰਕ : 10 - 12
ਅਕਤੂਬਰ-ਦਸੰਬਰ 2023

## ਤਰਤੀਬ


ਸੰਪਾਦਕੀ : ਕੁਝ ਕਦਮ ਚੁੱਕਣੇ ਪੈਣਗੇ.../*ਡਾ. ਮੋਨੋਜੀਤ/2*
ਕਹਾਣੀ : ਇੱਕ ਸੀ ਡਾਕਟਰ/*ਜੰਗ ਐਸ. ਵਰਮਨ/3*
ਖੋਜ ਪੱਤਰ : ਪੰਜਾਬੀ ਸਾਹਿਤ ਦੀ ਵਿਰਾਸਤ/*ਡਾ. ਮਨਮੋਹਨ/6*
: ਗੁਰੂ ਗੋਬਿੰਦ ਸਿੰਘ ਦਾ ਵਿਹਾਰਕ ਸਮਾਜਵਾਦ/*ਜੋਗਿੰਦਰ ਸਿੰਘ ਪਾਂਧੀ (ਐਡਵੋਕੇਟ)/11*
: ਔਰਤ ਦੇ ਅੰਤਰ-ਮਨ ਦਾ ਗਲਪੀ-ਬਿੰਬ—.../*ਜਸਵੀਰ ਸਿੰਘ ਰਾਣਾ/15*
: ਪੰਜਾਬ ਦੀ ਖੇਤੀਬਾੜੀ ਨੂੰ ਪ੍ਰਭਾਵਿਤ ਕਰਦੇ ਤੱਤਾਂ.../*ਸਹਾਇਕ ਪ੍ਰੋ. ਰੂਬਲ ਸ਼ਰਮਾ/18*
: ਸ੍ਰੀ ਗੁਰ ਪੰਥ ਪ੍ਰਕਾਸ਼ ਦੇ ਕਰਤਾ ਸਰਦਾਰ ਰਤਨ ਸਿੰਘ ਭੰਗੂ.../*ਡਾ. ਕੁਲਵਿੰਦਰ ਸਿੰਘ/21*
: ਇਸਤ੍ਰੀ ਸੰਕਟ ਮੋਚਨ : ਭਾਰਤ ਵਿੱਚ ਬਾਲ ਵਿਆਹ ਤੇ.../*ਮਨਪ੍ਰੀਤ ਕੌਰ/25*
: 'ਸਲੋਕ ਸਹਸਕ੍ਰਿਤੀ' ਦਾ ਕਾਵਿ ਸ਼ਾਸਤਰੀ ਪੱਖ/*ਡਾ. ਲਖਵਿੰਦਰ ਸਿੰਘ/27*
: ਔਰਤ ਦੇ ਦੁਖਾਂਤ ਦੀ ਦਾਸਤਾਨ : ਪਿੰਜਰ/*ਡਾ. ਅੰਜੂ ਬਾਲਾ/30*
: ਸਾਂਵਲ ਧਾਮੀ ਦਾ ਵਿਲੱਖਣ ਕਥਾ ਜਗਤ.../*ਡਾ. ਸੰਦੀਪ ਰਾਣਾ/33*
: ਡਾ. ਦੇਵਿੰਦਰ ਕੁਮਾਰ ਰਚਿਤ... 'ਕੂੰਜਾਂ ਕਵਣੁ ਦੇਸ਼.../*ਡਾ. ਨਵਦੀਪ ਕੌਰ/36*
: ਦਿਲ ਦੀ ਕੈਨਵਸ 'ਤੇ ਪਿਆਰ ਦੇ ਰੰਗਾਂ ਦੀ ਇਬਾਦਤ.../*ਡਾ. ਮਨੋਹਰ ਲਾਲ/42*
: ਵਿਸ਼ਵੀਕਰਨ ਦੇ ਸੰਦਰਭ ਵਿਚ : ਬਾਬਾ ਨਜ਼ਮੀ ਦੀ ਕਵਿਤਾ/*ਨਿਰਮਲ ਸਿੰਘ/44*
: 'ਮੈਂ ਅਯਨਘੋਸ਼ ਨਹੀਂ' ਦੀ ਦਵੰਦ-ਜੁਗਤ/*ਡਾ. ਕੰਵਲਦੀਪ ਕੌਰ/46*
: 'ਬ੍ਰਹਮਗਿਆਨੀ' ਸੰਕਲਪ ਦਾ ਵਿਸ਼ਲੇਸ਼ਣਾਤਮਕ ਅਧਿਐਨ.../*ਗੁਰਨਾਮ ਸਿੰਘ/50*
: ਕੁਲਦੀਪ ਸਿੰਘ ਦੀਪ : ਸਮਾਜ ਭਾਸ਼ਾ.../*ਆਰਤੀ, ਗਾਈਡ : ਡਾ. ਸੋਨਾ/55*
: ਅਜਮੇਰ ਔਲਖ ਦੇ ਨਾਟਕ 'ਝਨਾਂ ਦੇ ਪਾਣੀ' ਵਿੱਚ.../*ਅਮਨਦੀਪ ਕੌਰ/58*
: ਵਿਰਚਨਾਤਮਕ ਨਾਰੀਵਾਦੀ ਚਿੰਤਨ : ਨਵੀਆਂ ਸੰਭਾਵਨਾਵਾਂ/*ਸਤਵੀਰ ਕੌਰ/61*
: ਰੁੱਖ ਤੇ ਰਿਸ਼ੀ : ਅਦੈਵਤ ਦਾ ਸੰਕਲਪ/*ਪ੍ਰੋ. ਜਸਪਾਲ ਕੌਰ/64*
: ਸਮਾਜ ਦੇ ਲੁਕੇ ਹੋਏ ਸੱਚ ਦਾ ਕਹਾਣੀਕਾਰ :.../*ਡਾ. ਜੋਗਿੰਦਰ ਸਿੰਘ/67*
: ਗੁਰੂ ਨਾਨਕ ਬਾਣੀ ਦੇ ਵਿਸ਼ਵੀ ਸਰੋਕਾਰ/*ਡਾ. ਕਵਲਜੀਤ ਸਿੰਘ/70*
: ਗੁਰੂ ਤੇਗ ਬਹਾਦੁਰ ਜੀ ਦਾ ਜੀਵਨ, ਫ਼ਲਸਫ਼ਾ ਅਤੇ.../*ਡਾ. ਪ੍ਰੀਤਮ ਸਿੰਘ/73*
: ਮਾਨਵਤਾ ਦੇ ਅਮਰ ਪੁਜਾਰੀ : ਭਗਤ ਪੂਰਨ ਸਿੰਘ/*ਦਵਿੰਦਰ ਸਿੰਘ 'ਦਵੀ'/77*
: ਦੇਵਿੰਦਰ ਕੁਮਾਰ ਦੇ ਨਾਟਕ 'ਸਲੀਬਾਂ ਉੱਤੇ ਟੰਗੇ ਸੱਚ'.../*ਜਰਮਨਜੀਤ ਸਿੰਘ/79*
: ਸਮਾਜਿਕ ਸਮੱਸਿਆਵਾਂ 'ਤੇ ਝਾਤ ਪਾਉਂਦਾ ਨਾਵਲ :.../*ਗੁਰਦੱਤ ਸਿੰਘ/82*
: ਵਿਸ਼ਵੀਕਰਨ ਅਧੀਨ ਪੰਜਾਬੀ ਸਮਾਜ ਦਾ ਬਦਲਦਾ.../*ਗੁਰਦੀਪ ਸਿੰਘ/85*
: ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਸੱਚੀ.../*ਡਾ. ਜਸਪ੍ਰੀਤ ਕੌਰ/88*
: ਸਵਰਾਜਬੀਰ ਦੇ ਨਾਟਕ 'ਹੱਕ' ਦੀ ਰਚਨਾ ਦ੍ਰਿਸ਼ਟੀ/*ਗਗਨਦੀਪ ਸਿੰਘ/91*
: ਪਰਵਾਸੀ ਜੀਵਨ ਦੇ ਯਥਾਰਥ ਦੀ... (ਹਰਜੀਤ ਅਟਵਾਲ)/*ਡਾ. ਪ੍ਰਿਆ ਰਾਣੀ/93*
: ਹੀਰ ਵਾਰਿਸ ਸ਼ਾਹ : ਨਾਰੀਵਾਦੀ ਅਧਿਐਨ/*ਰਮਨਦੀਪ ਕੌਰ/96*
: ਜ਼ਿੰਦਗੀ ਦੇ ਯਥਾਰਥ ਦੀ ਪੇਸ਼ਕਾਰੀ : ਜੇ.ਕੇ. ਸੰਧੂ/*ਡਾ. ਪ੍ਰੀਤ ਕੌਰ/98*
: ਦੇਸ਼ ਦੀ ਵੰਡ ਉਤੇ ਅਧਾਰਿਤ ਪ੍ਰਸਿੱਧ ਪੰਜਾਬੀ.../*ਰਾਜਵਿੰਦਰ ਕੌਰ/101*
: ਸਿੱਖ ਦਾਰਸ਼ਨਿਕ : ਡਾ. ਵਜ਼ੀਰ ਸਿੰਘ ਦਾ ਜੀਵਨ.../*ਹਰਦੀਪ ਕੌਰ/105*
: 'ਜਮਰੌਦ' ਕਹਾਣੀ ਸੰਗ੍ਰਹਿ ਇਕ ਵਿਸ਼ਲੇਸ਼ਣ/*ਦੀਦਾਰ ਸਿੰਘ/107*
: ਪਰਵਾਸੀ ਪੰਜਾਬੀ ਨਾਵਲ : ਡਾਇਸਪੋਰਿਕ ਮਸਲੇ/*ਅਮਰਜੀਤ ਸਿੰਘ/110*
: ਅਮਰੀਕੀ ਪੰਜਾਬੀ ਕਹਾਣੀ : ਸਾਹਿਤ-ਇਤਿਹਾਸਕ ਪਰਿਪੇਖ/*ਸੁਖਪਾਲ ਸਿੰਘ/113*
: ਸਿੱਖ ਧਰਮ ਦੀਆਂ ਸੰਪ੍ਰਦਾਵਾਂ ਦਾ ਇਤਿਹਾਸਕ ਅਤੇ.../*ਡਾ. ਅੰਮ੍ਰਿਤਪਾਲ ਸਿੰਘ/115*
: ਸੋਸ਼ਲ ਮੀਡੀਆ ਦੇ ਪ੍ਰਸੰਗ ਵਿੱਚ ਪੰਜਾਬੀ ਭਾਸ਼ਾ ਦੀ.../*ਗੁਰਲਾਲ ਸਿੰਘ ਮਾਨ/119*
: ਕਵੀ ਜਗਤਾਰ ਸਿੰਘ ਦੀ ਕਾਵਿ-ਵੇਦਨਾ : ਪ੍ਰਵੇਸ਼.../*ਡਾ. ਪਰਮਜੀਤ ਕੌਰ/122*
: ਸਮਾਜ ਸਭਿਆਚਾਰ ਦੀ ਬੁਨਿਆਦ ਦਾ ਪੈਰਾਡਾਈਮ :.../*ਡਾ. ਮਨਜੀਤ ਕੌਰ/124*
: ਮਰਾਸੀ ਕਬੀਲਾ : ਇਤਿਹਾਸਕ ਪਰਿਪੇਖ/*ਚਰਨਜੀਤ ਸਿੰਘ/127*
: ਦਲਿਤ ਅਵਚੇਤਨ ਤੇ ਚੇਤਨਾ ਦੀ ਬਿਰਤਾਂਤਕਾਰੀ :.../*ਡਾ. ਗੁਰਸੇਵਕ ਲੰਬੀ/129*
: ਨਿਰਮਲਾ ਸੰਪ੍ਰਦਾਇ : ਸੰਸਥਾਗਤ ਵਿਕਾਸ ਅਤੇ ਪ੍ਰਬੰਧਕੀ ਢਾਂਚਾ/*ਸੁਰਮੀਤ ਕੌਰ/135*
: ਪੰਜਾਬੀ ਸਾਹਿਤਕ ਮੁਲਾਕਾਤਾਂ : ਵਿਧਾਗਤ ਸਰੂਪ ਅਤੇ ਵਿਧੀਆਂ/*ਪਰਵੀਨ ਰਾਣੀ/139*
: ਭੁਪਿੰਦਰ ਕੌਰ ਪ੍ਰੀਤ ਕਾਵਿ : ਨਵ-ਰਹੱਸਵਾਦੀ ਪ੍ਰਵਿਰਤੀ/*ਹਰਪ੍ਰੀਤ ਸਿੰਘ/143*


**(ਬਾਕੀ ਪੰਨਾ 5 'ਤੇ)**

**ਸੰਪਾਦਕ**
ਬਲਜੀਤ ਸਿੰਘ ਰੈਨਾ
**ਮੋਬਾ** : 97976-57211
**ਸੰਪਾਦਕ ਮੰਡਲ**
ਡਾ. ਮੋਨੋਜੀਤ
**ਮੋਬਾ** : 94191-39906
ਦੇਵਿੰਦਰ ਸਿੰਘ ਵਿਸ਼ਵਨਾਗਰਿਕ
**ਮੋਬਾ** : 95966-52796
ਜੰਗ ਐਸ. ਵਰਮਨ
**ਮੋਬਾ** : 94192-10834
**ਸਹਾਇਕ ਸੰਪਾਦਕ**
ਡਾ. ਮਮਤਾ
**ਮੋਬਾ** : 92892-87778
ਡਾ. ਰਾਜਵੀਰ ਸਿੰਘ
**ਮੋਬਾ** : 84920-05225
ਡਾ. ਗੁਰਪ੍ਰੀਤ ਕੌਰ
**ਮੋਬਾ** : 99060-03940
**ਸਲਾਹਕਾਰ**
ਡਾ. ਪ੍ਰੀਤਮ ਸਿੰਘ
**ਮੋਬਾ** : 88030-83825
**ਕਨੇਡਾ ਪ੍ਰਤੀਨਿਧ**
ਡਾ. ਅਰਵਿੰਦਰ ਕੌਰ
**ਮੋਬਾ** : +1 416-450-0554
**ਈਮੇਲ** : baljeetraina58@gmail.com
**ਟਾਈਟਲ ਪੇਂਟਿੰਗ** : ਪ੍ਰਭਇੰਦਰ ਸਿੰਘ ਲਾਲ

**ਮੁੱਲ** : ਇਕ ਕਾਪੀ 150 ਰੁਪਏ
**ਦੇਸ਼ ਸਲਾਨਾ** : 600 ਰੁਪਏ
**ਜੀਵਨਸਾਥ** : 10,000 ਰੁਪਏ
**ਵਿਦੇਸ਼ ਸਲਾਨਾ** : 50 ਡਾਲਰ, 25 ਪੌਂਡ

**ਸੰਪਾਦਕ ਜਾਂ ਪ੍ਰਕਾਸ਼ਕ ਦਾ ਰਚਨਾਵਾਂ ਵਿੱਚ ਵਿਅਕਤ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਕਿਸੇ ਵੀ ਤਰ੍ਹਾਂ ਦੇ ਵਾਦ-ਵਿਵਾਦ ਦਾ ਹਲ ਜੰਮੂ ਵਿਖੇ ਹੀ ਹੋਵੇਗਾ।**

**ਛਾਪਕ, ਪ੍ਰਕਾਸ਼ਕ ਅਤੇ ਮਾਲਕ ਗੁਰਮੁਖ ਸਿੰਘ ਨੇ ਕਲਾਸਿਕ ਪ੍ਰਿੰਟਰਜ਼, ਬੜੀ ਬ੍ਰਾਹਮਣਾ ਤੋਂ ਛਪਵਾ ਕੇ 'ਦਫ਼ਤਰ ਆਬਰੂ' ਮਕਾਨ ਨੰਬਰ-5, ਕੁੰਜਵਾਨੀ, ਸ਼ਹੀਦ ਫਿਲਿੰਗ ਸਟੇਸ਼ਨ ਦੇ ਪਿੱਛੇ, ਜੰਮੂ 180010 ਤੋਂ ਪ੍ਰਕਾਸ਼ਿਤ ਕੀਤਾ। ਸੰਪਾਦਕ: ਬਲਜੀਤ ਸਿੰਘ ਰੈਨਾ**
**Printer, Publisher, and Owner Gurmukh Singh Printed it at M/S Classic Printers, Bari Brahmana and Published at Aabru office, H.No. 5, Kunjwani, Behind Shaheed Filling Station Jammu-180010. Editor, Baljeet Singh Raina**

D:\Himmat 2023\Aabru 2023\Aabru (July-September 2023)\Aabru (July-September 2023).p65 Set-HS (2)



# ਕੁਝ ਕਦਮ ਚੁੱਕਣੇ ਪੈਣਗੇ...

ਇਕਵੀਂ ਸਦੀ ਦੇ ਆਰੰਭ ਵਿੱਚ ਹੀ 'ਆਬਰੂ' ਪੰਜਾਬੀ ਵਿੱਚ ਜੰਮੂ ਤੋਂ ਨਿਕਲਣਾ ਸ਼ੁਰੂ ਹੋਇਆ। ਇਸ ਪਰਚੇ ਦੇ ਪਿੱਛੇ ਕੋਈ ਮਜ਼ਬੂਤ ਆਰਥਿਕ ਢਾਂਚਾ ਜਾ ਕਿਸੇ ਕਿਸਮ ਦੀ ਸਰਕਾਰੀ, ਨੀਮ ਸਰਕਾਰੀ ਜਾਂ ਗੈਰ ਸਰਕਾਰੀ ਸੰਸਥਾ ਨਹੀਂ ਸੀ ਖੜੀ ਸਗੋਂ ਇਕ ਗੈਰ ਪੰਜਾਬੀ ਭਾਸ਼ੀ ਖੇਤਰ ਦੇ ਇਕ ਪੰਜਾਬੀ ਲੇਖਕ ਦਾ ਜਨੂੰਨ ਕੰਮ ਕਰ ਰਿਹਾ ਸੀ ਜਿਸਨੇ ਆਪਣੇ ਸਿਰੜ ਅਤੇ ਹੱਕ ਹਲਾਲ ਦੀ ਕਮਾਈ ਨਾਲ ਇਸ ਪਰਚੇ ਦੇ 14-15 ਮਾਸਕ ਕੱਢੇ ਜਿੰਨਾਂ ਵਿੱਚੋਂ ਕੋਈ ਵੀ ਕਿਸੇ ਵੀ ਪੱਖੋ ਕਿਸੇ ਅੰਗ੍ਰੇਜ਼ੀ, ਹਿੰਦੀ ਅਤੇ ਪੰਜਾਬੀ ਦੇ ਰਾਸ਼ਟਰੀ ਪੱਧਰ ਦੇ ਪਰਚੇ ਤੋਂ ਘੱਟ ਨਹੀਂ ਸੀ ਪਰ ਕਿਉਂਕਿ ਇਸ ਜਨੂੰਨ ਦੇ ਨਾਲ ਵਪਾਰਕ ਅਤੇ ਵਿਹਾਰਕ ਬੁੱਧੀ ਨਹੀਂ ਸੀ ਜੁੜੀ ਹੋਈ ਇਸ ਲਈ ਇਹ ਜਨੂੰਨ ਸਵਾ ਕੁ ਸਾਲ ਦੇ ਬਾਦ ਦਮ ਤੋੜਣ ਲੱਗ ਪਿਆ ਪਰ ਮਰਿਆ ਨਾਂਹ ਸਗੋਂ ਵਿੱਚ-ਵਿੱਚ 'ਆਬਰੂ' ਦੇ ਨਿਕਲਣ ਵਾਲੇ ਇੱਕਾ ਦੁੱਕਾ ਅੰਕਾਂ ਰਾਹੀਂ ਪ੍ਰਗਟ ਹੁੰਦਾ ਰਿਹਾ। ਇਹ ਪਰਚਾ ਕੱਢਣ ਤੋਂ ਪਹਿਲਾਂ ਸਾਡੇ ਮਿੱਤਰ ਬਲਜੀਤ ਸਿੰਘ ਰੈਨਾ ਤੇ ਇਸ ਪਰਚੇ ਬਾਰੇ ਸਾਡੇ ਨਾਲ ਸਾਰੀ ਗੱਲ ਕੀਤੀ ਹੋਈ ਸੀ। ਇਸ ਪਰਚੇ ਨੂੰ ਕੱਢਣ ਪਿੱਛੇ ਉਹਦੀ ਮੁੱਖ ਭਾਵਨਾ ਇਹ ਹੀ ਸੀ ਕਿ ਜੰਮੂ-ਕਸ਼ਮੀਰ ਦੇ ਪੰਜਾਬੀ ਸਾਹਿਤ ਨੂੰ ਬਾਹਰਲੀ ਦੁਨੀਆਂ ਵਿੱਚ ਉਭਰਿਆ ਜਾਏ ਪਰ ਜਦ 1915 ਦੇ ਪੁਜਦਿਆ ਪੁੱਜਦਿਆਂ ਪਰਚੇ ਦੀ ਸਥਿਤੀ ਲਗਭਗ ਬੰਦ ਹੋਣ ਤੱਕਆ ਪੁੱਜੀ ਤਾਂ ਅਸੀਂ ਦੋ-ਤਿੰਨ ਦੋਸਤਾਂ ਉਸ ਨੂੰ ਹੱਲਾ ਸ਼ੇਰੀ ਦਿੱਤੀ ਅਤੇ ਆਰਥਿਕ ਰੂਪ ਵਿਚ ਪਰਚੇ ਨਾਲ ਖੜੇ ਹੋਣ ਲਈ ਅੱਗ ਆਏ ਅਤੇ ਫੈਸਲਾ ਲਿਆ ਕਿ ਹਰ ਪਰਚੇ ਦਾ ਖਰਚਾ ਆਪਸ ਵਿੱਚ ਵੰਡ ਲਵਾਂਗੇ। 1916 ਤੋਂ ਇਹ ਪਰਚਾ ਦੋਵਾਰਾ ਤ੍ਰੈਮਾਸਿਕ ਪਰਚੇ ਦੇ ਰੂਪ ਵਿੱਚ ਨਿਰੰਤਰ ਨਿਕਲਣ ਲੱਗ ਪਿਆ। ਕੁੱਝ ਸਮੇਂ ਬਾਦ ਸਾਲ ਵਿੱਚ ਇਕ ਅੰਕ ਦਾ ਖਰਚਾ ਮੈਂ ਆਪਣੇ ਜਿੰਮੇ ਲੈ ਲਿਆ ਪਰ ਯੁ.ਜੀ.ਸੀ. ਵਿੱਚਰਜਿਸਟਰ ਹੋਣ ਦੇ ਬਾਦ ਇਹ ਪਰਚਾ ਹੌਲੀ-ਹੌਲੀ ਆਪਣਾ ਸਾਹਿਤਕ ਰੂਪ ਤਿਆਗ ਕੇ ਖੋਜ ਪੱਤਰ ਦੇ ਰੂਪ ਵਿੱਚ ਬਦਲ ਗਿਆ ਜਿਸ ਨਾਲ ਇਸ ਦੇ ਪ੍ਰਕਾਸ਼ਨਦਾਮੁੱਢਲਾ ਮਨੋਰਥ, ਜੰਮੂ-ਕਸ਼ਮੀਰ ਦੇ ਪੰਜਾਬੀ ਸਾਹਿਤ ਨੂੰ ਇਕ ਸਾਰਥਕ ਮੰਚ ਪ੍ਰਦਾਨ ਕਰਨ ਦੇ ਵਿੱਚ ਵਿਚਾਲੇ ਹੀ ਕਿਧਰੇ ਗੁਆਚ ਗਿਆ। ਅੱਜ ਇਹ ਸਥਿਤੀ ਬਣ ਗਈ ਹੈ ਕਿ ਪਿਛਲੇ ਕਈ ਅੰਕਾਂ ਤੋਂ ਜੰਮੂ-ਕਸ਼ਮੀਰ ਦੇ ਕਿਸੇ ਪੰਜਾਬੀ ਲੇਖਕ ਦੀ ਕੋਈ ਮੌਲਿਕ ਰਚਨਾ ਇਸ ਸਾਡੇ ਆਪਣੇ ਪਰਚੇ ਵਿੱਚ ਵੀ ਨਹੀਂ ਛੱਪ ਸਕੀ। ਬੇਸ਼ਕ ਇਸ ਦਾ ਇਕ ਪਹਿਲੂ ਇਹ ਵੀ ਹੈ ਕਿ ਜਿੰਨਾ ਖੋਜਾਰਥੀਆਂ ਦੇ ਖੋਜ ਪੱਤਰ ਇਸ ਪਤ੍ਰਿਕਾ ਵਿੱਚ ਛਪੇ ਨੇ ਉਹਨਾਂ ਨੂੰ ਇਸਦਾ ਲਾਭ ਵੀ ਮਿਲਿਆ ਹੈ। 'ਆਬਰੂ' ਪਰਚੇ ਦਾ ਨਿਰੋਲ ਸਾਹਿਤਕ ਰੂਪ ਜਾ ਖੋਜ-ਪੱਤਰ ਵਾਲਾ ਰੂਪ ਜੰਮੂ ਕਸ਼ਮੀਰ ਦੀ ਪੰਜਾਬੀ ਦੀ ਸਥਿਤੀ ਨੂੰ ਬਿਹਤਰ ਬਣਾਉਣ ਲਈ ਕਿਸੇ ਪੱਖੋਂ ਵੀ ਸਹੀ ਨਹੀਂ ਕਿਉਂਕਿ ਇਸ ਵਿੱਚ ਛੱਪਣ ਵਾਲੇ ਬਹੁਤੇ ਖੋਜ ਪੱਤਰ ਜੰਮੂ-ਕਸ਼ਮੀਰ ਤੋਂ ਬਾਹਰ ਦੇ ਲੇਖਕਾਂ ਦੇ ਪੰਜਾਬੀ ਸਾਹਿਤ ਉੱਤੇ ਖੋਜ ਬਾਰੇ ਹੁੰਦੇ ਨੇ। 'ਆਬਰੂ' ਨੂੰ ਇਸ ਸਥਿਤੀ ਚੋਂ ਕੱਢਣ ਲਈ ਸਾਨੂੰ ਕਦਮ ਚੁਕਣੇ ਪੈਣਗੇ।

ਡਾ. ਮੋਨੋਜੀਤ

*(ਮੈਂਬਰ ਸੰਪਾਦਕੀ ਮੰਡਲ ਆਬਰੂ, ਜੰਮੂ)*

ਤੁਸੀਂ ਆਪਣੀ ਸਲਾਨਾਂ ਜਾਂ ਜੀਵਨ ਸਾਥ ਮੇਂਬਰਸ਼ਿਪ Aabru ਦੇ ਨਾਂ ਚੈਕ/ਡਿਮਾਂਡ ਡ੍ਰਾਫ਼ਟ ਦੁਆਰਾ ਭੇਜ ਸਕਦੇ ਹੋ ਜਾਂ ਸਿੱਧਾ ਬੈਂਕ ਵਿਚ ਜਮ੍ਹਾ ਕਰਵਾ ਸਕਦੇ ਹੋ। ਸਾਡਾ ਖਾਤਾ Aabru, Jammu Kashmir Bank ਵਿਚ ਹੈ। Account No. 0116010100002506 ਹੈ ਤੇ IFSC No. JAKA0GNGYAL ਹੈ। — ਅਦਾਰਾ ਆਬਰੂ

ਖੋਜ ਪੱਤਰ



# ਗੁਰੂ ਤੇਗ ਬਹਾਦੁਰ ਜੀ ਦਾ ਜੀਵਨ, ਫ਼ਲਸਫ਼ਾ ਅਤੇ ਸ਼ਹਾਦਤ (ਵਰਤਮਾਨ ਦੌਰ ਵਿਚ ਮਹੱਤਵ)

— ਡਾ. ਪ੍ਰੀਤਮ ਸਿੰਘ —

1.

'ਗੁਰੂ ਤੇਗ ਬਹਾਦਰ' ਜੀ ਦਾ ਨਾ ਕੇਵਲ ਸਿੱਖ ਜਾਂ ਭਾਰਤੀ ਇਤਿਹਾਸ ਵਿਚ ਬਲਕਿ ਸਮੁੱਚੀ ਮਨੁੱਖਤਾ ਦੇ ਇਤਿਹਾਸ ਵਿੱਚ ਬਹੁਤ ਸਤਿਕਾਰ ਹੈ। ਗੁਰੂ ਤੇਗ ਬਹਾਦਰ ਜੀ ਭਗਤੀ, ਸ਼ਕਤੀ ਅਤੇ ਸ਼ਹਾਦਤ ਦੇ ਅਜਿਹੇ ਮੁਜਸਮੇ ਸਨ ਜਿਸ ਦੀ ਵਿਸ਼ਵ ਇਤਿਹਾਸਕ ਵਿਚ ਕੋਈ ਦੂਸਰੀ ਮਿਸਾਲ ਨਹੀਂ ਮਿਲਦੀ। ਉਨ੍ਹਾਂ ਨੂੰ ਜਿੱਥੇ ਇੱਕ ਅਸੂਲਪ੍ਰਸਤ ਅਤੇ ਨਿਡਰ ਯੋਧਾ ਮੰਨਿਆ ਜਾਂਦਾ ਹੈ ਉੱਥੇ ਉਹ ਇੱਕ ਅਧਿਆਤਮਕ ਵਿਦਵਾਨ ਅਤੇ ਗੁਰਮਤਿ ਪਰੰਪਰਾ ਦੇ ਇੱਕ ਮਹਾਨ ਕਵੀ ਵੀ ਸਨ। ਗੁਰੂ ਨਾਨਕ ਦੇਵ ਜੀ ਦੀ ਵਰੋਸਾਈ ਗੁਰਮਤਿ ਵਿਚਾਰਧਾਰਾ ਦੇ ਉਤੇ ਪਹਿਰਾ ਦਿੰਦਿਆਂ ਅਤੇ ਗੁਰਮਤਿ ਦੇ ਉਚ ਆਦਰਸ਼ਾਂ ਦਾ ਸ਼ਬਦ ਸ਼ਬਦ ਜਿਉਂਦਿਆਂ ਸ਼ੁਰੂ ਤੋਂ ਲੈ ਕੇ ਅੰਤ ਤੱਕ ਗੁਰੂ ਤੇਗ ਬਹਾਦਰ ਜੀ ਦਾ ਜੀਵਨ ਅੰਤਰ-ਧਰਮ ਸਹਿਣਸ਼ੀਲਤਾ ਅਤੇ ਹਰੇਕ ਵਿਅਕਤੀ ਨੂੰ ਬਿਨਾਂ ਕਿਸੇ ਖਤਰੇ ਦੇ ਨਿਡਰਤਾ ਨਾਲ ਆਪਣੇ ਧਾਰਮਿਕ ਮਾਰਗ 'ਤੇ ਚੱਲਣ ਦੇ ਅਧਿਕਾਰ ਦੀ ਸਿੱਖ ਵਚਨਬੱਧਤਾ ਦਾ ਇੱਕ ਬਹੁਤ ਵੱਡਾ ਪ੍ਰਮਾਣ ਸੀ, ਜਿਸ ਲਈ ਗੁਰੂ ਜੀ ਨੇ ਆਪਣੇ ਆਪ ਤੱਕ ਨੂੰ ਕੁਰਬਾਨ ਕਰ ਦਿੱਤਾ। ਧਰਮ ਅਤੇ ਆਸਥਾ ਦੀ ਆਜ਼ਾਦੀ ਲਈ ਇਸ ਤਰ੍ਹਾਂ ਦੀ ਮਹਾਨ ਕੁਰਬਾਨੀ ਮਾਨਵਤਾ ਦੇ ਇਤਿਹਾਸ ਵਿੱਚ ਪਹਿਲਾਂ ਕਦੇ ਨਹੀਂ ਵੇਖੀ ਗਈ ਸੀ। ਅੱਜ ਜਦੋਂ ਅਸੀਂ ਗੁਰੂ ਤੇਗ ਬਹਾਦਰ ਜੀ ਦੀ 400ਵੀਂ ਜਨਮ ਸ਼ਤਾਬਦੀ ਮਨਾ ਚੁੱਕੇ ਹਾਂ ਤਾਂ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਗੁਰੂ ਜੀ ਦੇ ਜੀਵਨ, ਵਿਚਾਰਧਾਰਾ ਅਤੇ ਸ਼ਹਾਦਤ ਦੇ ਸਮੁੱਚੇ ਪ੍ਰਕਰਣ ਉਨ੍ਹਾਂ ਵਰਤਮਾਨ ਚੁਣੌਤੀਆਂ ਦੇ ਪ੍ਰਤੀਰੋਧ ਦੇ ਰੂਪ ਵਿਚ ਮੁੜ ਵਿਚਾਰਿਆ ਜਾਵੇ ਜਿਨ੍ਹਾਂ ਅਗੇ ਵਰਤਮਾਨ ਦੌਰ ਦਾ ਸਮੁੱਚਾ ਵਿਸ਼ਵ ਗੋਡਿਆਂ ਭਾਰ ਹੋਇਆ ਪਿਆ ਹੈ।

2.

ਗੁਰੂ ਤੇਗ ਬਹਾਦਰ ਜੀ ਦਾ ਜਨਮ 5 ਵੈਸਾਖ ਸੰਮਤ 1678, ਚੰਦ੍ਰਮਾ ਦੇ ਹਿਸਾਬ ਨਾਲ ਵੈਸਾਖ ਸੁਦੀ 5 ਮੁਤਾਬਕ 1 ਅਪ੍ਰੈਲ 1621 ਦਿਨ ਐਤਵਾਰ ਨੂੰ ਮਾਤਾ ਨਾਨਕੀ ਜੀ ਦੀ ਕੁੱਖੋਂ ਅੰਮ੍ਰਿਤਸਰ, ਜਿੱਥੇ ਅੱਜ ਕੱਲ ਗੁਰਦੁਆਰਾ ਗੁਰੂ ਕੇ ਮਹਲ ਸਥਿਤ ਹੈ, ਵਿਖੇ ਹੋਇਆ। ਆਪ ਜੀ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੰਜਵੇਂ ਅਤੇ ਸੱਭ ਤੋਂ ਛੋਟੇ ਸਪੁੱਤਰ ਸਨ। ਬਚਪਨ ਵਿੱਚ ਗੁਰੂ ਜੀ ਦਾ ਨਾਮ ਤਿਆਗ ਮੱਲ ਸੀ। ਗੁਰੂ ਜੀ ਦੇ ਭੈਣ ਭਰਾਵਾਂ ਦੇ ਨਾਮ 'ਬਾਬਾ ਗੁਰਦਿੱਤਾ ਜੀ, ਬਾਬਾ ਸੂਰਜ ਮੱਲ ਜੀ, ਬਾਬਾ ਅਟੱਲ ਰਾਏ ਜੀ, ਬਾਬਾ ਅਣੀ ਰਾਇ ਜੀ ਅਤੇ ਬੀਬੀ ਵੀਰੋ ਜੀ' ਹਨ। ਦੁਨਿਆਵੀ ਵਿਦਿਆ ਤੇ ਸੰਗੀਤ ਵਿਦਿਆ ਹਾਸਲ ਕਰਨ ਤੋਂ ਇਲਾਵਾ ਉਨ੍ਹਾਂ ਭਾਈ ਗੁਰਦਾਸ ਜੀ ਦੀ ਰਹਿਨੁਮਾਈ ਹੇਠ ਗੁਰਬਾਣੀ ਅਤੇ ਹਿੰਦੂ ਮਿਥਿਹਾਸ ਪੜ੍ਹਿਆ ਅਤੇ ਤਲਵਾਰਬਾਜ਼ੀ, ਨੇਜ਼ਾਬਾਜ਼ੀ ਆਦਿਕ ਦੀ ਸਿਖਲਾਈ ਵੀ ਪ੍ਰਾਪਤ ਕੀਤੀ। ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਫ਼ੌਜ ਵਿੱਚ ਆਪ ਵੱਲੋਂ ਅੰਮ੍ਰਿਤਸਰ ਤੇ ਕਰਤਾਰਪੁਰ ਦੀ ਜੰਗ ਵਿੱਚ ਪੈਂਦੇ ਖਾਂ ਵਿਰੁੱਧ ਤੇਗ਼ ਦੇ ਜੌਹਰ ਵਿਖਾਉਣ 'ਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪ ਲਈ ਤਿਆਗ ਮੱਲ ਨਹੀਂ ਬਲਕਿ ਤੇਗ਼ ਬਹਾਦਰ ਹੋਣ ਦਾ ਲਕਬ ਵਰਤਿਆ ਤੇ ਫਿਰ ਇਸੇ ਨਾਮ ਨਾਲ ਪ੍ਰਸਿੱਧ ਹੋਏ। ਆਪ ਦੇ ਪਿਤਾ ਗੁਰੂ ਹਰਰਗੋਰਬਿੰਦ ਜੀ ਤੋਂ ਬਾਦ ਗੁਰੂ ਹਰਰਾਇ ਜੀ ਅਤੇ ਗੁਰੂ ਹਰਰਰਕਿਸ਼ਨ ਜੀ ਕ੍ਰਮਵਾਰ ਸੱਤਵੇਂ ਅਤੇ ਅੱਠਵੇਂ ਗੁਰੂ ਬਣੇ। ਬਾਲ-ਕਾਲ ਵਿਚ ਜੋਤੀ-ਜੋਤ ਸਮਾਉਣ ਕਾਰਨ ਅੱਠਵੇਂ ਗੁਰੂ ਨੇ ਗੁਰੂ-ਗੱਦੀ ਦੇ ਉਤਰਾਰਧਕਾਰੀ ਬਾਰੇ ਕੇਵਲ 'ਬਾਬਾ ਬਕਾਲੇ' ਸ਼ਬਦ ਕਹੇ। ਇਸ ਅਸਪੱਸ਼ਟ ਸੰਕੇਤ ਕਾਰਨ ਗੱਦੀ ਦੇ ਕਈ ਦਾਵੇਦਾਰ ਖੜੇ ਹੋ ਗਏ। ਪਰ ਭਾਈ ਮੱਖਣ ਸ਼ਾਹ ਲੁਬਾਣਾ ਨੇ ਆਪਣੀ ਮੰਨਤ ਭੇਟਾ ਕਰਨ ਲਈ ਸੂਖਮ ਦ੍ਰਿਸ਼ਟੀ ਨਾਲ 22 ਅਖੌਤੀ ਗੱਦੀਆਂ ਵਿਚੋਂ ਸਚੇ ਗੁਰੂ ਨੂੰ ਲੱਭ ਲਿਆ। ਆਪ 20 ਮਾਰਚ 1665 ਈ. (ਚੇਤ ਸੁਦੀ 14,1722 ਬਿਕਰਮੀ) ਨੂੰ 43 ਵਰ੍ਹਿਆਂ ਦੀ ਉਮਰ ਵਿਚ ਗੁਰੂ-ਗੱਦੀ ਉਤੇ ਬੈਠੇ ਅਤੇ ਗੁਰੂ ਨਾਨਕ ਦੇ ਉਪਦੇਸ਼ ਨੂੰ ਪ੍ਰਚਾਰਣ ਲਈ ਯਾਤਰਾਵਾਂ ਵੀ ਕੀਤੀਆਂ ਅਤੇ ਬਾਣੀ ਦੀ ਰਚਨਾ ਵੀ ਕੀਤੀ। ਆਪ ਨੇ ਸਮੇਂ ਸਮੇਂ ਆਪਣੀਆਂ ਭਾਵਨਾਵਾਂ ਨੂੰ ਪ੍ਰਗਟ ਕਰਨ ਲਈ 15 ਰਾਗਾਂ ਵਿਚ 59 ਸ਼ਬਦਾਂ (ਚਉਪਦਿਆਂ) ਦੀ ਰਚਨਾ ਕੀਤੀ ਹੈ ਅਤੇ 57 ਸ਼ਲੋਕ ਵੀ ਲਿਖੇ ਹਨ ਜੋ ਗੁਰੂ ਗ੍ਰੰਥ ਸਾਹਿਬ ਦੇ ਅੰਤ ਉਤੇ ਸੰਕਲਿਤ ਹਨ।

3.

ਗੁਰੂ ਤੇਗ ਬਹਾਦਰ ਜੀ ਭਗਤੀ, ਸ਼ਕਤੀ ਅਤੇ ਸ਼ਹਾਦਤ ਦਾ ਮੁਜੱਸਮਾ ਸਨ। ਅੱਜ ਗੁਰੂ ਜੀ ਦੀ ਸ਼ਾਹਦਤ ਦੇ 348 ਸਾਲਾਂ ਬਾਅਦ ਨਾ ਕੇਵਲ ਭਾਰਤ ਬਲਕਿ ਸਮੁੱਚਾ ਵਿਸ਼ਵ ਇਕ ਵਾਰ ਫਿਰ ਅਜਿਹੀਆਂ ਬਹੁਤ ਸਾਰੀਆਂ ਚੁਣੌਤੀਆਂ ਦੇ ਸਨਮੁੱਖ ਖੜ੍ਹਾ ਹੈ। ਬੇਸ਼ਕ ਅੱਜ ਗੁਰੂ ਸਾਹਿਬ ਅਜੋਕੇ ਦੌਰ ਦੇ ਅਨਿਆਂ ਦੇ ਵਿਰੁਧ ਖੜ੍ਹੇ ਹੋਣ ਲਈ ਸਰੀਰਕ ਤੌਰ 'ਤੇ ਸਾਡੇ ਦਰਮਿਆਨ ਨਹੀਂ ਹਨ ਪਰ ਗੁਰੂ ਜੀ ਦੀ ਸ਼ਹਾਦਤ ਦਾ ਸਮੁੱਚਾ ਪ੍ਰਕਰਣ ਅਤੇ ਉਨ੍ਹਾਂ ਵਲੋਂ ਸਿਰਜਿਆ ਪ੍ਰਵਚਨ, ਸਮਕਾਲੀ ਚੁਣੌਤੀਆਂ ਅੱਗੇ ਗੋਡਿਆਂ ਭਾਰ ਹੋਈ ਸਮੁੱਚੀ ਵਿਸ਼ਵ ਵਿਚ ਵੱਸਦੀ ਲੋਕਾਈ ਲਈ ਚੇਤਨਾ ਅਤੇ ਪ੍ਰੇਰਣਾ ਸ੍ਰੋਤ ਜ਼ਰੂਰ ਬਣਦਾ ਹੈ।

ਆਰਟੀਫਿਸ਼ਲ ਇੰਟੈਲੀਜੈਂਸ ਦੇ ਇਸ ਦੌਰ ਵਿਚ ਜਿੱਥੇ ਮਸ਼ੀਨਾਂ ਮਨੁੱਖ ਦਾ ਬਦਲ ਬਣਕੇ ਉੱਭਰ ਰਹੀਆਂ ਹਨ ਉਥੇ ਆਧੁਨਿਕ ਮਨੁੱਖ ਦੀ ਨੈਤਿਕਤਾ ਦਾ ਮਸਲਾ ਵੀ ਬਹੁਤ ਜਟਿਲ ਬਣਿਆ ਹੋਇਆ ਹੈ। ਦੂਸਰੀ ਪ੍ਰਮੁੱਖ ਚਿੰਤਾ ਵਿਸ਼ਵੀ ਪੱਧਰ ਉੱਤੇ ਵਰਤਮਾਨ ਦੌਰ ਦੀ ਰਾਜਨੀਤੀ ਦੀ ਹੈ। ਅਸੀਂ ਜਿਸ ਦੌਰ ਵਿਚ ਰਹਿ ਰਹੇ ਹਾਂ ਇਹ ਦੌਰ ਰਾਜਨੀਤਿਕ ਪੱਧਰ 'ਤੇ ਲੋਕਤਾਂਤ੍ਰਿਕ ਮੁੱਲਾਂ ਦੇ ਨਿਘਾਰ ਦਾ ਦੌਰ ਹੈ। ਭੈਅ ਦੀ ਰਾਜਨੀਤੀ ਦੇ ਇਸ ਦੌਰ ਵਿਚ ਸੰਪਰਦਾਇਕਤਾ ਅਤੇ ਅਸਹਿਣਸ਼ੀਲਤਾ ਸਿਖ਼ਰਾਂ 'ਤੇ ਹੈ। ਅਜਿਹੀਆਂ ਸਥਿਤੀਆਂ ਦਾ ਸਿੱਧਾ ਅਸਰ ਸਾਡੀ ਸਮਾਜਿਕ-ਰਾਜਨੀਤਿਕ ਬਣਤਰ ਉਤੇ ਪਿਆ ਹੈ। ਰਾਜਨੀਤਿਕ ਪੱਧਰ ਉਤੇ ਹੁੰਦੇ ਧਾਰਮਿਕ, ਨਸਲੀ,

ਪ੍ਰਾਂਤਕ ਅਤੇ ਜਾਤੀਗਤ ਧਰੁਵੀਕਰਨ ਨੇ ਬਹੁ-ਸੰਖਿਅਕ ਰਾਜਨੀਤਿਕ ਮਾਡਲ ਨੂੰ ਉਤਸਾਹਿਤ ਕੀਤਾ ਹੈ ਜਿਸ ਕਰਕੇ ਅਲਪ ਸੰਖਿਅਕ ਵਰਗਾਂ ਲਈ ਸਥਿਤੀਆਂ ਨਿਰੰਤਰ ਚੁਨੌਤੀਪੂਰਨ ਬਣੀਆਂ ਹੋਈਆਂ ਹਨ। ਪਹਿਲੇ ਤੋਂ ਹੀ ਖਸਤਾ ਹਾਲਤ ਨਿਆਂ ਵਿਵਸਥਾ ਵਿਚ ਵੀ ਹੋਰ ਨਿਘਾਰ ਆਇਆ ਹੈ ਅਤੇ ਇਹ ਪਹਿਲੇ ਨਾਲੋਂ ਕਿਧਰੇ ਵੱਧ ਪੱਖਪਾਤੀ ਨਜ਼ਰ ਆਉਂਦੀ ਹੈ। ਗੁਰੂ ਨਾਨਕ ਸਾਹਿਬ ਦੇ ਸ਼ਬਦ "ਰਾਜੇ ਸੀਹ ਮੁਕਦਮ ਕੁਤੇ॥ ਜਾਇ ਜਗਾਇਨਿ ਬੈਠੇ ਸੁਤੇ॥ ਚਾਕਰ ਨਹਦਾ ਪਾਇਨਿ ਘਾਉ॥ ਰਤੁ ਪਿਤੁ ਕੁਤਿਹੋ ਚਟਿ ਜਾਹੁ॥" ਅਜੋਕੀ ਅਰਾਜਕ ਵਿਵਸਥਾ ਲਈ ਬਿਲਕੁਲ ਢੁੱਕਵੇਂ ਹਨ। ਰਾਜਨੀਤਿਕਾਂ ਅਤੇ ਕਾਰਪੋਰੇਟਸ ਦੇ ਗਠਜੋੜ ਦਾ ਅਜੋਕਾ ਉਗਰ ਰੂਪ ਜੋ ਸਾਡੇ ਸਾਹਮਣੇ ਹੈ ਉਹ ਕਿਸੇ ਮਾਡਰਨ ਵਾਰਫੇਅਰ ਤੋਂ ਘਟ ਨਹੀਂ। ਉਪਭੋਗਤਾਵਾਦ ਅਤੇ ਸਹੂਲਤਾਂ ਦੇ ਪਰਦੇ ਹੇਠ ਆਮ ਲੋਕਾਂ ਦੀ ਆਰਥਿਕ ਲੁੱਟ, ਸ਼ੋਸ਼ਨ ਅਤੇ ਦਮਨ ਇਸ ਦੌਰ ਵਿਚ ਆਮ ਜਿਹਾ ਵਰਤਾਰਾ ਹੈ ਜਿਸ ਕਰਕੇ ਸਮਾਜ ਵਿਚ ਆਰਥਿਕ ਪੱਧਰ ਉਤੇ ਅਸਮਾਨਤਾਵਾਂ ਵਿਚ ਨਿਘਰ ਵਾਧਾ ਹੋਇਆ ਹੈ। ਇਸ ਤੋਂ ਇਲਾਵਾ ਪਿਛਲੇ ਲੰਮੇ ਸਮੇਂ ਤੋਂ ਸਥਾਨਕ ਪਛਾਣਾਂ ਦੀ ਹੋਂਦ ਦਾ ਮਸਲਾ ਵੀ ਗੰਭੀਰ ਬਣਿਆ ਹੋਇਆ ਹੈ। ਇਸ ਸੰਦਰਭ ਵਿਚ ਗੁਰੂ ਤੇਗ ਬਹਾਦੁਰ ਸਾਹਿਬ ਜੀ ਵਿਚਾਰਾਂ ਅਤੇ ਸ਼ਹਾਦਤ ਦੇ ਇਤਿਹਾਸ ਨੂੰ ਮੁੜ ਵਿਚਾਰਨਾ ਮਹੱਤਵਪੂਰਨ ਸਿੱਧ ਹੋ ਸਕਦਾ ਹੈ। ਅਜੋਕੀਆਂ ਸਥਿਤੀਆਂ ਨੂੰ ਸੰਬੋਧਨ ਹੋਣ ਲਈ ਗੁਰੂ ਤੇਗ ਬਹਾਦੁਰ ਜੀ ਦੇ ਜੀਵਨ ਫ਼ਲਸਫ਼ੇ ਅਤੇ ਸ਼ਹਾਦਤ ਨੂੰ ਨਿਰਪੱਖ ਤਰੀਕੇ ਨਾਲ ਰੀਵੀਜ਼ਿਟ ਕਰਨ ਦੀ ਲੋੜ ਹੈ।

ਇਸ ਗੱਲ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿ ਗੁਰੂ ਸਾਹਿਬਾਨ ਦੇ ਇਤਿਹਾਸ ਨੂੰ ਇਕ ਸੀਮਿਤ, ਸੰਕੀਰਣ ਦ੍ਰਿਸ਼ਟੀਕੋਣ ਅਤੇ ਵਿਸ਼ੇਸ਼ ਭਾਂਤ ਦੇ ਸਮਾਜਿਕ-ਰਾਜਨੀਤਿਕ ਹਿੱਤ ਸਾਧਨ ਲਈ ਪ੍ਰਚਾਰਿਆ ਅਤੇ ਪਰਸਾਰਿਆ ਗਿਆ ਹੈ ਅਤੇ ਅੱਜ ਵੀ ਪ੍ਰਚਾਰਿਆ ਜਾ ਰਿਹਾ ਹੈ। ਪ੍ਰਚਾਰ ਅਤੇ ਪਰਸਾਰ ਦੀ ਇਹ ਇਕ ਪਾਸੜ ਤੇ ਪੱਖਪਾਤੀ ਪਹੁੰਚ ਨਾਲ ਨਾ ਕੇਵਲ ਗੁਰੂ ਸਾਹਿਬ ਜੀ ਵਲੋਂ ਦਿੱਤੀ ਸ਼ਹਾਦਤ ਦਾ ਦਾਇਰਾ ਹੀ ਸੰਕੀਰਣ ਹੋ ਜਾਂਦਾ ਹੈ ਸਗੋਂ "ਜੋ ਅੰਤਰਿ ਸੋ ਬਾਹਰਿ ਦੇਖਹੁ ਅਵਰੁ ਨ ਦੂਜਾ ਕੋਈ ਜੀਉ॥ ਗੁਰਮੁਖਿ ਏਕ ਦ੍ਰਿਸਟਿ ਕਰਿ ਦੇਖਹੁ ਘਟਿ ਘਟਿ ਜੋਤਿ ਸਮੋਈ ਜੀਉ' ਵਰਗੇ ਉਨ੍ਹਾਂ ਸਾਰੇ ਮਹਾਨ, ਧਰਮ ਨਿਰਪੱਖ ਵਿਚਾਰਾਂ, ਸੰਸਕਾਰਾਂ ਅਤੇ ਆਦੇਸ਼ਾਂ ਦੀ ਪ੍ਰਸੰਗਿਕਤਾ 'ਤੇ ਵੀ ਸਵਾਲੀਆ ਨਿਸ਼ਾਨ ਲੱਗ ਜਾਂਦਾ ਹੈ ਜਿਨ੍ਹਾਂ ਦੇ ਉਹ ਨਾ ਕੇਵਲ ਵਰੋਸਾਏ ਸਨ ਬਲਕਿ ਆਪਣੇ ਸਮਕਾਲ ਵਿਚ ਪ੍ਰਤੀਨਿਧੀ ਵੀ ਸਨ ਤੇ ਪ੍ਰਚਾਰਕ ਵੀ। ਨਿਸ਼ਚਿਤ ਹੀ ਅਜਿਹਾ ਇਕ ਸਾਜ਼ਿਸ਼ ਅਧੀਨ ਭਾਰਤ ਦੇ ਬਹੁਸੰਖਿਅਕ ਧਰਮ ਨੂੰ ਦੂਜੇ ਧਰਮ ਵਿਸ਼ੇਸ਼ ਕੋਲੋਂ ਖੱਤਰਾ ਦਸ ਕੇ ਸਿੱਖਾਂ ਨੂੰ ਆਪਣੀ ਧਿਰ ਵਿਚ ਸ਼ਾਮਿਲ ਕਰਨਾ ਅਤੇ ਸੰਪਰਦਾਇਕ ਧਰੁਵੀਕਰਨ ਕਰਨਾ ਹੀ ਹੈ। ਇਸ ਲਈ ਇਸ ਸਾਜਿਸ਼ ਤੋਂ ਬਚਣ ਲਈ ਅਤਿਅੰਤ ਜ਼ਰੂਰੀ ਹੈ ਕਿ ਚਰਚਾਵਾਂ ਇਸ ਗਲ ਤੇ ਹੋਣ ਕਿ ਗੁਰੂ ਜੀ ਦੀ ਸ਼ਹਾਦਤ ਅਸਲ ਵਿਚ ਕਿਨ੍ਹਾਂ ਲਈ ਸੀ ਤੇ ਕੀ ਗੁਰੂ ਜੀ ਦੇ ਸਮੇਂ ਅਤੇ ਸਾਡੇ ਸਮਕਾਲ ਵਿਚ ਕੋਈ ਅਜਿਹੀ ਸਾਂਝ ਜਾਂ ਸਾਂਝੀ ਕੜੀ ਹੈ ਜਿਸ ਨਾਲ ਗੁਰੂ ਜੀ ਦੀ ਸ਼ਹਾਦਤ ਨੂੰ ਅਤੀਤ ਦੇ ਨਾਲ ਨਾਲ ਵਰਤਮਾਨ ਪ੍ਰਸੰਗ ਵਿਚ ਰੱਖ ਕੇ, ਜੋੜਿਆ, ਵੇਖਿਆ, ਵਿਚਾਰਿਆ ਜਾਂ ਸਮਝਿਆ ਜਾ ਸਕੇ ਅਤੇ ਇਨ੍ਹਾਂ ਵਿਚਾਰਾਂ ਦੀ ਰੋਸ਼ਨੀ ਰਾਹੀਂ ਇਕ ਖੁਸ਼ਹਾਲ ਮਾਨਵੀ ਜੀਵਨ ਅਤੇ ਧਰਮ ਨਿਰਪੱਖ ਸਮਾਜ ਦੀਆਂ ਸੰਭਾਵਨਾਵਾਂ ਨੂੰ ਤਲਾਸ਼ਿਆ ਜਾ ਸਕੇ। ਅਜਿਹਾ ਸਿਰਫ਼ ਉਦੋਂ ਹੀ ਸੰਭਵ ਹੋ ਸਕਦਾ ਹੈ ਜਦੋਂ ਗੁਰੂ ਤੇਗ ਬਹਾਦੁਰ ਜੀ ਦੀ ਇਸ ਲਾਸਾਨੀ ਸ਼ਹਾਦਤ ਨੂੰ ਉਨ੍ਹਾਂ ਗੁਰਮਤਿ ਸਿਧਾਂਤਾਂ ਦੀ ਰੋਸ਼ਨੀ ਵਿਚ ਸਮਝਿਆ ਜਾਵੇ ਜਿਨ੍ਹਾਂ ਦੀ ਨੌਵੀਂ ਜੋਤ ਗੁਰੂ ਜੀ ਆਪ ਸਨ।

ਗੁਰਮਤਿ ਮਾਰਗ ਦੇ ਪਾਂਧੀਆਂ ਲਈ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੋ ਧਰਮ ਸਿਧਾਂਤ ਜਾਂ ਅਧਿਆਤਮਕ ਮਾਰਗ ਨਿਸ਼ਚਿਤ ਕੀਤਾ ਸੀ ਉਸ ਉਤੇ ਚਲਣ ਲਈ ਲਾਜਮੀ ਸੀ ਕਿ ਇਸ ਮਾਰਗ ਦੇ ਪਾਂਧੀ ਨੂੰ ਆਪਣਾ ਸਿਰ ਦੇਣਾ ਪਵੇਗਾ। ਗੁਰੂ ਜੀ ਦੇ ਬਚਨ ਹਨ ਕਿ :

**ਜਉ ਤਉ ਪ੍ਰੇਮ ਖੇਲਣ ਕਾ ਚਾਉ॥**
**ਸਿਰੁ ਧਰਿ ਤਲੀ ਗਲੀ ਮੇਰੀ ਆਉ॥**
**ਇਤੁ ਮਾਰਗਿ ਪੈਰੁ ਧਰੀਜੈ॥**
**ਸਿਰੁ ਦੀਜੈ ਕਾਣਿ ਨ ਕੀਜੈ॥**

ਉਪਰੋਕਤ ਸਲੋਕ ਵਿਚ ਸਿਰ ਦੇਣ ਤੋਂ ਭਾਵ ਭਾਵੇਂ ਅਹੰਕਾਰ ਅਤੇ ਹਉਮੈ ਨੂੰ ਤਿਆਗਨਾ ਸੀ ਪਰ ਸ਼ਾਇਦ ਗੁਰੂ ਨਾਨਕ ਦੇਵ ਜੀ ਨੂੰ ਇਸ ਗਲ ਦਾ ਪੂਰਨ ਅਹਿਸਾਸ ਸੀ ਇਸ ਅਦੁਤੀ ਮਾਰਗ 'ਤੇ ਗੁਰਮੁੱਖ ਪਾਂਧੀਆਂ ਲਈ ਚਲਣਾ ਕੋਈ ਸੌਖਾ ਕਾਰਜ ਨਹੀਂ ਹੋਵੇਗਾ। ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਦੀ ਧਾਰਮਿਕ ਅਤੇ ਰਾਜਸੀ ਸੱਤਾ ਦੇ ਸ਼ੋਸ਼ਣਕਾਰੀ ਸੁਭਾਓ ਦੇ ਪ੍ਰਤੀਰੋਧ ਵਿਚ ਜਿਹੜੀ ਵਿਕਲਪਿਕ ਜੀਵਨ ਸ਼ੈਲੀ ਦਾ ਵਿਚਾਰ ਦਿੱਤਾ ਸੀ, ਉਹ ਹਰ ਤਰ੍ਹਾਂ ਦੇ ਵੱਖਰੇਵੇਂ ਅਤੇ ਦਮਨ ਦਾ ਸਿਧਾਂਤਕ ਵਿਰੋਧ ਕਰਦੀ ਹੈ। ਗੁਰੂ ਨਾਨਕ ਦੇਵ ਜੀ ਨੂੰ ਇਸ ਗਲ ਦਾ ਭਲੀ ਭਾਂਤ ਗਿਆਨ ਸੀ ਕਿ ਪ੍ਰੇਮ ਮਾਰਗ ਦੇ ਪਾਂਧੀਆਂ ਨੂੰ ਇਸ ਬਿਖਮ ਰਾਹ 'ਤੇ ਚਲਦਿਆਂ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਅਤੇ ਸਿਰ ਵੀ ਦੇਣਾ ਪੈ ਸਕਦਾ ਹੈ। ਇਸ ਰਾਹ ਦੀ ਬਿਖਮਤਾ ਨੂੰ ਬਿਆਨ ਕਰਦਿਆਂ ਗੁਰੂ ਅਮਰ ਦਾਸ ਜੀ ਦੇ ਬਹੁਤ ਪਵਿਤਰ ਬਚਨ ਹਨ :

**ਭਗਤਾ ਕੀ ਚਾਲ ਨਿਰਾਲੀ॥**
**ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ॥**
**ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ॥**
**ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ॥**
**ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ॥**
**ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ॥**

ਉਪਰੋਕਤ ਸਲੋਕ ਅਤੇ ਸ਼ਬਦ ਦੀ ਰੋਸ਼ਨੀ ਵਿਚ ਗੁਰੂ ਤੇਗ ਬਹਾਦੁਰ ਜੀ ਦੇ ਜੀਵਨ ਨੂੰ ਵਿਚਾਰਿਆਂ ਇਹ ਗੱਲ ਪ੍ਰਤੱਖ ਸਾਬਿਤ ਹੋ ਜਾਂਦੀ ਹੈ ਕਿ ਗੁਰੂ ਤੇਗ ਬਹਾਦੁਰ ਜੀ ਨੇ ਇਨ੍ਹਾਂ ਉਪਰੋਕਤ ਬਚਨਾਂ ਨੂੰ ਨਾ ਕੇਵਲ ਅਧਿਆਤਮਕ ਬਲਕਿ ਸਮਾਜਿਕ ਜੀਵਨ ਵਿਚ ਧਾਰਨ ਹੀ ਕੀਤਾ ਸਗੋਂ ਮਾਨਵਤਾ ਦੀ ਭਲਾਈ ਲਈ ਸ਼ਬਦ ਸ਼ਬਦ ਸੱਚ ਕਰ ਵਿਖਾਇਆ ਅਤੇ ਉਨ੍ਹਾਂ ਦੇ ਇਸੇ ਨਿਰਾਲੇ ਜੀਵਨ ਕਰਕੇ 400 ਸਾਲਾਂ ਬਾਅਦ ਵੀ ਉਨ੍ਹਾਂ ਦੇ ਜੀਵਨ ਅਤੇ ਵਿਚਾਰਾਂ ਤੋਂ ਸੇਧ ਲੈਣ ਲਈ ਚਰਚਾ ਕਰ ਰਹੇ ਹਾਂ।

ਅਸੀਂ ਸਾਰੇ ਹੀ ਇਸ ਇਤਿਹਾਸਕ ਸੱਚ ਤੋਂ ਜਾਣੂੰ ਹਾਂ ਕਿ ਮੱਧਕਾਲ ਵਿਚ ਗੁਰੂ ਕਾਲ ਦੌਰਾਨ ਮੁਗ਼ਲ ਸਾਮੰਤਵਾਦੀ ਤਾਕਤਾਂ ਆਮ ਜਨਤਾ ਦੀ ਆਰਥਿਕ ਲੁਟ ਅਤੇ ਦਮਨ ਲਈ ਕਈ ਤਰ੍ਹਾਂ ਦੀਆਂ ਸ਼ੋਸਨਕਾਰੀ ਨੀਤੀਆਂ ਲਾਗੂ ਕਰਨ ਦੇ ਨਾਲ ਹੀ ਧਾਰਮਿਕ ਕਟੜਤਾ ਅਤੇ ਅਸਹਿਣਸ਼ੀਲਤਾ ਦੀ ਨੀਤੀ ਰਾਹੀਂ ਨਾ ਕੇਵਲ ਗੈਰ ਮੁਸਲਿਮ ਲੋਕਾਂ ਬਲਕਿ ਕੁੱਝ ਉਦਾਰਵਾਦੀ ਮੁਸਲਿਮ ਫਿਰਕਿਆਂ ਉਤੇ ਤਸ਼ੱਦਦ ਕਰਨ ਵਲ ਵੀ ਰੁਚਿਤ ਹੁੰਦੀਆਂ ਹਨ। ਇਹੀ ਕਾਰਨ

ਹੈ ਕਿ ਮੱਧ ਕਾਲ ਨਾਲ ਸੰਬੰਧਿਤ ਗੁਰੂ ਸਾਹਿਬਾਨਾਂ ਵਲੋਂ ਉਚਾਰਿਆ ਦੈਵੀ ਅਤੇ ਮਾਨਵ ਹਿਤੈਸ਼ੀ ਪ੍ਰਵਚਨ ਮਾਨਵਤਾ ਵਿਰੋਧੀ ਮੁਗਲ ਸਾਮੰਤਸ਼ਾਹੀ ਦੇ ਸਿੱਧੇ ਵਿਰੋਧ 'ਚ ਆ ਜਾਂਦਾ ਹੈ। ਗੁਰੂ ਘਰ ਨਾਲ ਇਸ ਤਣਾਉਸ਼ੀਲ ਸਥਿਤੀ ਦੀ ਸ਼ੁਰੂਆਤ ਗੁਰੂ ਨਾਨਕ ਦੇਵ ਜੀ ਤੋਂ ਹੀ ਆਰੰਭ ਹੋ ਜਾਂਦੀ ਹੈ ਜਦੋਂ ਉਹ ਸਮਕਾਲੀ ਸੱਤਾ ਦੀ ਹਨੇਰਗਰਦੀ ਦੇ ਖਿਲਾਫ਼ ਬਗ਼ਾਵਤੀ ਸੁਰ ਅਖਤਿਆਰ ਕਦਰਿਆਂ ਗੁਰੂ ਜੀ ਫੁਰਮਾਉਂਦੇ ਹਨ "ਕਲਿ ਕਾਤੀ ਰਾਜੇ ਕਾਸਾਈ, ਧਰਮੁ ਪੰਖ ਕਰਿ ਉਡਰਿਆ॥ ਕੂੜ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥ ਵਿਚਾਰਧਾਰਕ ਪਟਲ 'ਤੇ ਅਨਿਆਂ ਅਤੇ ਦਮਨ ਦੇ ਪ੍ਰਤੀਰੋਧ 'ਚ ਬਾਬਰ ਦੇ ਸਮੇਂ ਸ਼ੁਰੂ ਹੋਇਆ ਇਹ ਟਕਰਾਉ ਜਹਾਂਗੀਰ ਵਲੋਂ ਗੁਰੂ ਅਰਜੁਨ ਦੇਵ ਜੀ ਦੀ ਸ਼ਹਾਦਤ ਦਾ ਕਾਰਨ ਬਣਦਾ ਹੈ। ਗੁਰੂ ਅਰਜੁਨ ਦੇਵ ਜੀ ਦੀ ਸ਼ਹਾਦਤ ਵੀ "Unity in Diversity" ਲਈ ਦਿੱਤੀ ਗਈ ਸੀ।

ਗੁਰੂ ਅਰਜੁਨ ਦੇਵ ਜੀ ਤੱਕ ਮੁਗਲੀਆ ਸਲਤਨਤ ਦੇ ਅਤਿਆਚਾਰਾਂ ਦਾ ਸਾਹਮਣਾ ਸਬਰ ਅਤੇ ਸ਼ੁਕਰ ਨਾਲ ਕੀਤਾ ਜਾਂਦਾ ਰਿਹਾ ਪਰ ਗੁਰੂ ਅਰਜੁਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਸਿੱਖ-ਪੰਥ ਮੀਰੀ ਅਤੇ ਪੀਰੀ ਦੇ ਨਵੇਂ ਦੌਰ ਵਿਚ ਪ੍ਰਵੇਸ਼ ਕਰਦਾ ਹੈ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਜਹਾਂਗੀਰ ਦੇ ਤਖ਼ਤ ਦੇ ਮੁਕਾਬਲੇ ਅਕਾਲ ਤਖਤ ਦੀ ਸਿਰਜਣਾ ਕਰਕੇ ਨਿਰਬਲਤਾ ਅਤੇ ਗੁਲਾਮੀ ਦਾ ਸੰਤਾਪ ਭੋਗਦੀ ਲੋਕਾਈ ਦੇ ਅੰਦਰ ਸਾਹਸ ਪੈਦਾ ਕਰਨ ਦਾ ਸਫ਼ਲ ਯਤਨ ਕੀਤਾ। ਪਰ ਇਹ ਸੰਯੋਗ ਹੀ ਸੀ ਕਿ ਗੁਰੂ ਤੇਗ ਬਹਾਦੁਰ ਸਾਹਿਬ 1664 'ਚ ਠੀਕ ਉਦੋਂ ਹੀ ਗੁਰੂ ਗੱਦੀ ਉਤੇ ਬੈਠਦੇ ਹਨ ਜਦੋਂ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਸੰਕੀਰਣ ਅਤੇ ਕੱਟੜ ਧਾਰਮਿਕ ਸੋਚ ਅਧੀਨ ਪੂਰੇ ਹਿੰਦੋਸਤਾਨ ਨੂੰ ਦਾਰ ਉਲ ਇਸਲਾਮ ਵਿਚ ਪ੍ਰਵਰਤਿੱਤ ਕਰਨਾ ਚਾਹੁੰਦੈ। ਹਾਲਾਂਕਿ ਦਾਰ ਉਲ ਇਸਲਾਮ ਦਾ ਇਹ ਖੜਿਅੰਤਰੀ ਸੰਕਲਪ ਖੁਦ ਇਸਲਾਮ ਦੀ ਮੂਲ ਭਾਵਨਾ ਦੇ ਖਿਲਾਫ ਸੀ। ਇਹ ਸਿੱਧਾ-ਸਿੱਧਾ ਭਾਰਤ ਦੀ ਸਭਿਆਚਾਰਕ ਅਤੇ ਧਾਰਮਿਕ ਵਿਵਿਧਤਾ 'ਤੇ ਹਮਲਾ ਅਤੇ ਮਨੁੱਖੀ ਅਧਿਕਾਰਾਂ ਦਾ ਹਨਨ ਸੀ। ਔਰੰਗਜ਼ੇਬ ਦੀ ਇਸ ਧਰਮ ਨੀਤੀ ਦੇ ਸਭ ਤੋਂ ਪਹਿਲੇ ਸ਼ਿਕਾਰ ਕਸ਼ਮੀਰੀ ਪੰਡਿਤ ਬਣਦੇ ਹਨ। ਇਨ੍ਹਾਂ ਦੇ ਹੱਕ 'ਚ ਨਿੱਤਰ ਕੇ ਗੁਰੂ ਤੇਗ ਬਹਾਦੁਰ ਸਾਹਿਬ ਨੇ ਸਮੇਂ ਦੀ ਸ਼ਕਤੀਸ਼ਾਲੀ ਧਾਰਮਿਕ ਅਤੇ ਰਾਜਸੀ ਸੱਤਾ ਨੂੰ ਸਿੱਧਾ ਵੰਗਾਰਿਆ। ਗੁਰੂ ਸਾਹਿਬ ਨੇ ਜ਼ੁਲਮ, ਅਨਿਆ ਅਤੇ ਕੁਫ਼ਰ ਦਾ ਮੁਕਾਬਲਾ ਸੱਚ, ਸਬਰ ਅਤੇ ਸ਼ੁਕਰ ਨਾਲ ਕਰਦਿਆਂ ਸਿਰ ਦੇ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਸ਼ਹਾਦਤ ਸਮੇਂ ਗੁਰੂ ਤੇਗ ਬਹਾਦਰ ਜੀ ਦੀ ਬਹਾਦਰੀ, ਸਿਰੜ ਅਤੇ ਸਬਰ ਨੂੰ ਬਿਆਨ ਕਰਦਿਆਂ ਲਿਖਦੇ ਹਨ ਕਿ :

> **ਤਿਲਕ ਜੰਞੂ ਰਾਖਾ ਪ੍ਰਭ ਤਾਕਾ॥ ਕੀਨੋ ਬਡੋ ਕਲੂ ਮਹਿ ਸਾਕਾ॥**
> **ਸਾਧਨ ਹੇਤਿ ਇਤੀ ਜਿਨਿ ਕਰੀ॥ ਸੀਸੁ ਦੀਯਾ ਪਰੁ ਸੀ ਨ ਉਚਰੀ॥**
> **ਧਰਮ ਹੇਤ ਸਾਕਾ ਜਿਨਿ ਕੀਆ॥ ਸੀਸੁ ਦੀਆ ਪਰੁ ਸਿਰਰੁ ਨ ਦੀਆ॥**

ਗੁਰੂ ਜੀ ਨੇ ਮਾਨਵਤਾ ਹਿੱਤ ਸੀਸ ਤਾਂ ਦੇ ਦਿੱਤਾ ਪਰ ਧਰਮ ਨਹੀਂ ਹਾਰਿਆ ਅਤੇ ਸ਼ਹਾਦਤ ਦੀ ਅਜਿਹੀ ਮਿਸਾਲ ਸਥਾਪਿਤ ਕੀਤੀ ਜਿਸ ਦੀ ਕੋਈ ਦੂਸਰੀ ਉਦਾਹਰਨ ਪੂਰੇ ਸੰਸਾਰ ਵਿਚ ਕਿਧਰੇ ਵੀ ਨਹੀਂ ਮਿਲਦੀ। ਗੁਰੂ ਗੋਬਿੰਦ ਸਿੰਘ ਜੀ ਇਸ ਅਦੁਤੀ ਘਟਨਾ ਦਾ ਵਰਣਨ ਦਸਮ ਗ੍ਰੰਥ ਦੇ ਪੰਜਵੇਂ ਅਧਿਆਏ 'ਚ ਉਚਾਰੇ ਦੋਹਰੇ ਦੇ ਸ਼ਬਦਾਂ ਰਾਹੀਂ ਕੁਝ ਇਸ ਤਰ੍ਹਾਂ ਕਰਦੇ ਹਨ :

> **ਠੀਕਰ ਫੋਰਿ ਦਿਲੀਸ ਸਿਰਿ ਪ੍ਰਭ ਪੁਰਿ ਕੀਯਾ ਪਯਾਨਾ॥**
> **ਤੇਗ ਬਹਾਦੁਰ ਸੀ ਕ੍ਰਿਆ ਕਰੀ ਨ ਕਿਨਹੂੰ ਆਨਿ॥**
> **ਤੇਗ ਬਹਾਦੁਰ ਕੇ ਚਲਤ ਭਯੋ ਜਗਤ ਕੋ ਸੋਕ॥**
> **ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ।**

ਗੁਰੂ ਗੋਬਿੰਦ ਸਿੰਘ ਜੀ ਦੇ ਸ਼ਬਦਾ ਵਿਚ ਇਹ ਸਾਕਾ ਧਰਮ ਹੇਤ ਕੀਤਾ ਗਿਆ ਸੀ। ਪਰ ਸਾਡੇ ਸਮਕਾਲ ਵਿਚ ਸਭ ਤੋਂ ਵਡਾ ਸਵਾਲ ਹੀ ਇਹ ਹੈ ਕਿ ਆਖਿਰ ਕਿਸ ਧਰਮ ਲਈ। ਹਿੰਦੂ ਧਰਮ ਦੀ ਰਖਿਆ ਲਈ ਜਾਂ ਕੀ ਇਹ ਸਾਕਾ ਇਸਲਾਮੀ ਚੜ੍ਹਤ ਦੇ ਵਿਰੁਧ ਸੀ। ਜਾਂ ਫਿਰ ਜਿਵੇਂ ਪ੍ਰਚਾਰਿਆ ਜਾਂਦਾ ਹੈ ਕੀ ਹਿੰਦੂ ਧਰਮ ਦੀ ਸ੍ਰੇਸ਼ਟਤਾ ਨੂੰ ਬਚਾਉਣ ਲਈ। ਪਰ ਗੁਰੂ ਤੇਗ ਬਹਾਦੁਰ ਸਾਹਿਬ ਗੁਰੂ ਨਾਨਕ ਸਾਹਿਬ ਜੀ ਦੀ ਉਸ ਵਿਚਾਰਧਾਰਾ ਦੇ ਵਾਰਿਸ ਸਨ ਜੋ ਨਾ ਕੋ ਵੈਰੀ ਨਾਹਿ ਬਿਗਾਨਾ, ਸਗਲਿ ਸੰਗ ਹਮਿ ਕੋ ਬਨਿ ਆਈ। ਜਾਂ ਸਭ ਏਕ ਦ੍ਰਿਸਟਿ ਕਰਿ ਦੇਖੈ ਸਭੁ ਆਤਮ ਰਾਮ ਪਛਾਣ ਜੀਉ॥ 'ਤੇ ਆਧਰਿਤ ਸੀ। ਗੁਰੂ ਤੇਗ ਬਹਾਦੁਰ ਜੀ ਦੇ ਆਪਣੇ ਕਥਣ ਹਨ :

> **ਉਸਤਤਿ ਨਿੰਦਾ ਦੋਊ ਪਰਹਰਿ ਹਰਿ ਕੀਰਤਿ ਉਰਿ ਆਨੋ।**
> **ਜਨ ਨਾਨਕ ਸਭ ਹੀ ਮੈ ਪੂਰਨ ਏਕ ਪੁਰਖ ਭਗਵਾਨੋ॥**

**ਜਾਂ**

> **ਸਭ ਸੁਖ ਦਾਤਾ ਰਾਮ ਹੈ ਦੂਸਰ ਨਾਹਿਨ ਕੋਇ॥**
> **ਕਹੁ ਨਾਨਕ ਸੁਨਿ ਰੇ ਮਨਾ ਤਿਹ ਸਿਮਰਤ ਗਤਿ ਹੋਇ॥**

ਗੁਰੂ ਜੀ ਦੇ ਇਨ੍ਹਾਂ ਕਥਨਾ ਦੀ ਰੋਸ਼ਨੀ ਵਿਚ ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗੀ ਕਿ ਗੁਰੂ ਤੇਗ ਬਹਾਦੁਰ ਸਾਹਿਬ ਵਲੋਂ ਦਿੱਤੀ ਸ਼ਹਾਦਤ ਕਿਸੇ ਧਰਮ ਵਿਸ਼ੇਸ਼ ਦੇ ਹੱਕ ਵਿਚ ਅਤੇ ਕਿਸੇ ਧਰਮ ਵਿਸ਼ੇਸ਼ ਦੇ ਵਿਰੋਧ ਵਿਚ ਨਹੀਂ ਸਗੋਂ ਸੱਤਾ ਦੇ ਜ਼ਬਰ ਵਿਰੁਧ ਮਨੁੱਖਤਾ ਦਾ ਰਾਹ ਮੋਕਲਾ ਕਰਨ ਲਈ ਸੀ। ਗੁਰੂ ਤੇਗ ਬਹਾਦੁਰ ਜੀ ਦੀ ਸ਼ਹਾਦਤ ਸੰਪਰਦਾਇਕਤਾ ਅਤੇ ਅਸਹਿਣਸ਼ੀਲਤਾ ਦੇ ਵਿਰੋਧ, ਜ਼ਬਰੀ ਧਰਮ ਪਰਿਵਰਤਨ ਦੇ ਵਿਰੋਧ, ਭੈਅ ਦੀ ਰਾਜਨੀਤੀ ਤੋਂ ਮੁਕਤੀ, ਆਰਥਿਕ ਅਤੇ ਮਾਨਸਿਕ ਸ਼ੋਸ਼ਣ ਦਾ ਵਿਰੋਧ, ਬਹੁਲਵਾਦ ਦੇ ਹੱਕ 'ਚ, ਅਤੇ ਵਿਭਿੰਨ ਸਭਿਆਚਾਰਕ ਪਛਾਣਾ ਦੀ ਰਾਖੀ ਲਈ ਸੀ। ਇਸ ਪ੍ਰਸੰਗ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀਆਂ ਵਿਚੋਂ ਕਵੀ ਸੈਨਾਪਤ ਦੇ ਸ਼ਬਦ, ਬਹੁਤ ਮਹੱਤਵਪੂਰਨ ਹਨ। ਉਹ ਗੁਰੂ ਜੀ ਦੇ ਪਰੋਪਕਾਰੀ ਸੁਭਾਉ ਬਾਰੇ ਲਿਖਦਾ ਹੈ ਕਿ "ਪ੍ਰਗਟ ਪਏ ਗੁਰੂ ਤੇਗ ਬਹਾਦੁਰ। ਸਗਲ ਸ੍ਰਿਸ਼ਟ ਪੈ ਢਾਪੀ ਚਾਦਰ"॥ ਕਰਮ, ਧਰਮ ਕੀ ਜਿਨਿ ਪਤਿ ਰਾਖੀ। ਅਟਲ ਕਰੀ ਕਲਿਯੁਗ ਮੈ ਸਾਖੀ॥ ਪਰ ਪਹਿਲਾਂ ਸਮੁੱਚੀ ਸ੍ਰਿਸ਼ਟ ਦੀ ਚਾਦਰ ਦੀ ਥਾਂ ਕੇਵਲ ਹਿੰਦ ਦੀ ਚਾਦਰ, ਫਿਰ ਹਿੰਦੂ ਦੀ ਚਾਦਰ ਅਤੇ ਉਹ ਵੀ ਸਮਾਂ ਲਗਦਾ ਦੂਰ ਨਹੀਂ ਜਦੋਂ ਕਿਸੇ ਵਿਸ਼ੇਸ਼ ਮੰਤਵ ਦੀ ਪੂਰਤੀ ਲਈ ਵਰਣ ਵਿਸ਼ੇਸ਼ ਦੀ ਚਾਦਰ ਬਣਾ ਦਿਤਾ ਜਾਵੇਗਾ ਅਤੇ ਅਜਿਹਾ ਨੈਰੈਟਿਵ ਸਿਰਜਿਆ ਜਾਵੇਗਾ ਜਿਸ ਰਾਹੀਂ ਇਸ ਇਤਿਹਾਸਕ ਸੱਚ ਨੂੰ ਬਿਲਕੁਲ ਨਕਾਰ ਦਿੱਤਾ ਜਾਵੇਗਾ ਕਿ ਗੁਰੂ ਨਾਨਕ ਦਾ ਜੀਵਨ ਫ਼ਲਸਫ਼ਾ ਵਰਣਾਂ, ਜਾਤਾਂ, ਨਸਲਾਂ, ਰੰਗਾਂ ਅਤੇ ਲਿੰਗਾਂ ਦੇ ਭੇਦਾਂ ਤੋਂ ਉਪਰ ਉੱਠ ਸਮਾਨਤਾ ਦਾ ਸੂਚਕ ਹੈ। ਸੱਚ ਤਾਂ ਇਹ ਹੈ ਕਿ ਗੁਰੂ ਜੀ ਵਲੋਂ ਕਸ਼ਮੀਰੀ ਪੰਡਤਾਂ ਅਤੇ ਹਿੰਦੂਆਂ ਦੀ ਰੱਖਿਆ ਕਰਨ ਦਾ ਉਦੇਸ਼ ਅਤੇ ਮਹੱਤਵ ਸਰਬਵਿਆਪੀ ਸੀ ਅਤੇ ਹਿੰਦੂਆਂ ਦੀ ਸੁਰੱਖਿਆ ਵਿਚ ਮਨੁੱਖੀ ਅਧਿਕਾਰਾਂ ਦੀ ਰੱਖਿਆ ਕਰਨਾ ਸੀ। ਅੱਜ ਮਨਾਵਤਾ ਇਕ ਵਾਰ ਫਿਰ ਗੁਰੂ ਕਾਲ ਵਰਗੀਆਂ ਅਨੇਕਾਂ ਹੀ ਚੁਣੌਤੀਆਂ ਸਨਮੁੱਖ ਹੈ ਅਤੇ ਇਨ੍ਹਾਂ ਸਾਰੀਆਂ

ਚੁਣੌਤੀਆਂ ਦਾ ਸਾਹਮਣਾ ਕਰਨ ਲਈ ਗੁਰੂ ਜੀ ਨੇ ਜੋ ਆਦਰਸ਼ਕ ਜੀਵਨ ਮਾਡਲ ਸਾਨੂੰ ਦਿੱਤਾ ਹੈ ਉਸ ਵਿਚ ਗੁਰੂ ਸਾਹਿਬ ਨੇ ਸਾਰੇ ਬੰਧਨਾਂ ਨੂੰ ਤਿਆਗਣ ਉਤੇ ਜ਼ੋਰ ਦਿੱਤਾ ਹੈ। ਸੰਸਾਰਿਕ ਅਤੇ ਅਧਿਆਤਮਕ ਜੀਵਨ ਵਿਚ ਬੰਧਨ ਹੀ ਸ਼ਖ਼ਸੀ ਆਜ਼ਾਦੀ ਅਤੇ ਨਿਰਵਾਨ ਪੱਦ ਦੀ ਪ੍ਰਾਪਤੀ ਦੇ ਰਾਹ ਵਿਚ ਸਭ ਤੋਂ ਵੱਡਾ ਰੋੜਾ ਹਨ। ਗੁਰੂ ਜੀ ਨੇ ਇਨ੍ਹਾਂ ਬੰਧਨਾਂ ਤੋਂ ਮੁਕਤੀ ਲਈ ਹਿੰਮਤ ਅਤੇ ਸਵੈਵਿਸ਼ਵਾਸ ਦੇ ਨਾਲ-ਨਾਲ ਗੁਰੂ ਉਤੇ ਭਰੋਸਾ ਰੱਖਣ ਲਈ ਕਿਹਾ ਹੈ ਕਿ :

**ਬਲੁ ਛੁਟਕਿਓ ਬੰਧਨ ਛੁਟੈ ਸਭੁ ਕਿਛੁ ਹੋਤ ਉਪਾਇ।**
**ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ॥**

ਮੌਤ ਦਾ ਭੈਅ ਹੀ ਮਨੁੱਖ ਨੂੰ ਗੁਲਾਮੀ ਦੇ ਰਾਹ ਉਤੇ ਤੋਰਦਾ ਹੈ ਅਤੇ ਗੁਲਾਮ ਮਨੁੱਖ ਹੀ ਹਮੇਸ਼ਾ ਜ਼ੁਲਮ ਅਤੇ ਦਮਨ ਦਾ ਸਭ ਤੋਂ ਵੱਧ ਸ਼ਿਕਾਰ ਹੁੰਦਾ ਹੈ। ਗੁਰੂ ਜੀ ਨੇ ਮੌਤ ਨੂੰ ਅੰਤਿਮ ਅਤੇ ਅਟੱਲ ਸੱਚ ਦਸਦੇ ਹੋਏ ਮਨੁੱਖ ਨੂੰ ਮੌਤ ਨੂੰ ਸਭਿਕਾਰਨ ਦੀ ਚੇਤਨਾ ਬਖਸ਼ੀ ਹੈ ਅਤੇ ਮੌਤ ਦੇ ਭੈਅ ਤੋਂ ਮੁਕਤ ਹੋਣ ਦਾ ਸੁਨੇਹਾ ਦਿੱਤਾ ਹੈ। ਮੌਤ ਦੇ ਇਸ ਭੈਅ ਤੋਂ ਮੁਕਤ ਵਿਅਕਤੀ ਹੀ ਅਸਲ ਵਿਚ ਕਿਸੇ ਵੀ ਹੱਦ ਤੱਕ ਜਾ ਕੇ ਮਾਨਵੀ ਹਿੱਤਾਂ ਲਈ ਜੂਝ ਸਕਦਾ ਹੈ। ਆਪ ਜੀ ਦਾ ਫੁਰਮਾਨ ਹੈ :

**ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ॥**
**ਇਹ ਮਾਰਗ ਸੰਸਾਰ ਕੋ ਨਾਨਕ ਥਿਰ ਨਹੀਂ ਕੋਇ॥**
**ਰਾਮ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰ॥**
**ਕਹੁ ਨਾਨਕ ਥਿਰ ਕੱਛੁ ਨਹੀ ਸੁਪਨੇ ਜਿਉਂ ਸੰਸਾਰ॥**

ਜੇਕਰ ਅੱਜ ਵੀ ਸਥਿਤੀਆਂ ਨਾਲ ਮੁਕਾਬਲਾ ਕਰਨ ਦੀ ਥਾਂ ਸਮਝੌਤਾ ਕਰ ਲੈਂਦੇ ਹਾਂ ਤਾਂ ਉਸ ਲਾਸਾਨੀ ਗੌਰਵ ਨੂੰ ਤਾਂ ਗੁਆ ਹੀ ਬੈਠਾਂਗੇ ਸਗੋਂ ਆਪਣੀ ਸਖਸ਼ੀ ਆਜ਼ਾਦੀ ਵੀ ਰੋਲ ਲਵਾਂਗੇ। ਗੁਰੂ ਜੀ ਅਜਿਹੇ ਗੌਰਵਹੀਣ ਜੀਵਨ ਨੂੰ ਨਕਾਰਾ ਅਤੇ ਹਰਾਮ ਮੰਨਦੇ ਹਨ ਅਤੇ ਚੇਤਨਾ ਦੀ ਪੱਧਰ ਉਤੇ ਮਾਨਵੀ ਹੱਕਾਂ ਦੀ ਰਾਖੀ ਲਈ ਜੂਝਣ ਅਤੇ ਸੰਘਰਸ਼ਮਈ ਜੀਵਨ ਨੂੰ ਚੁਣਨ ਦਾ ਸੁਨੇਹਾ ਦਿੰਦੇ ਹਨ। ਆਪ ਜੀ ਦਾ ਫ਼ੁਰਮਾਨ ਹੈ :

**ਸੋ ਜੀਵਿਆ ਜਿਸੁ ਮਨ ਵਸਿਆ ਸੋਇ॥**
**ਨਾਨਕ ਅਵਰੁ ਨਾ ਜੀਵੈ ਕੋਇ॥**
**ਜੇ ਜੀਵੈ ਪਤਿ ਲਥੀ ਜਾਇ॥**
**ਸਭੁ ਹਰਾਮੁ ਜੇਤਾ ਕਿਛੁ ਖਾਇ॥**

ਜਿੱਥੇ ਗੁਰੂ ਜੀ ਹਰੇਕ ਤਰ੍ਹਾਂ ਦੇ ਸੰਸਾਰਿਕ ਬੰਧਨਾਂ, ਗੁਲਾਮ ਮਾਨਸਿਕਤਾ, ਮੌਤ ਦੇ ਭੈਅ ਅਤੇ ਹੀਣਤਾ ਦੇ ਭਾਵਾਂ ਨੂੰ ਤਿਆਗਣ ਉੱਤੇ ਬੱਲ ਦਿੰਦੇ ਹਨ ਉੱਥੇ ਉਹ ਉਨ੍ਹਾਂ ਵਿਕਾਰਾਂ ਨੂੰ ਤਿਆਗਣ ਲਈ ਵੀ ਪ੍ਰੇਰਦੇ ਹਨ ਜਿਨਾਂ ਕਰਕੇ ਸਾਰੀਆਂ ਸਮਾਜਿਕ ਦੁਸ਼ਵਾਰੀਆਂ ਪੈਦਾ ਹੁੰਦੀਆਂ ਹਨ। ਗੁਰੂ ਜੀ ਮਨੁੱਖ ਨੂੰ ਕਾਮ, ਕ੍ਰੋਧ, ਲੋਭ, ਮੋਹ ਅਤੇ ਹਉਮੈ ਦੇ ਤਿਆਗ ਦਾ ਮਾਰਗ ਅਪਨਾਉਣ ਲਈ ਕਹਿੰਦੇ ਹਨ। ਆਪ ਜੀ ਦੇ ਬਚਨ ਹਨ :

ਸਾਧੋ ਮਨ ਕਾ ਮਾਨੁ ਤਿਆਗਉ॥
ਕਾਮੁ ਕ੍ਰੋਧੁ ਸੰਗਿਤ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ॥ ਰਹਾਉ॥
ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ॥
ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ॥
ਜਨ ਨਾਨਕ ਇਹ ਖੇਲ ਕਠਨੁ ਹੈ ਕਿਨਹੂੰ ਗੁਰਮਖਿ ਜਾਨਾ॥

ਗੁਰੂ ਜੀ ਅਨੁਸਾਰ ਇਹ ਖੇਲ ਅਤੇ ਬੇਸ਼ਕ ਕਠਿਨ ਹੈ ਪਰ ਇਕ ਸੁਚੱਜੀ ਜੀਵਨ ਯੁਗਤ ਨਾਲ ਪ੍ਰਣਾਇਆ ਮਨੁੱਖ ਜਦੋਂ ਨਿਰਵਾਨ ਪੱਦ ਦੀ ਪ੍ਰਾਪਤੀ ਕਰ ਲੈਂਦਾ ਹੈ ਤਾਂ ਉਹ ਆਤਮਿਕ ਉੱਚਤਾ ਅਤੇ ਗਿਆਨ ਦੇ ਉਸ ਸਿਖ਼ਰ ਤੇ ਪਹੁੰਚ ਜਾਂਦਾ ਹੈ ਜਿਥੇ ਉਹ ਨਾ ਕਿਸੇ ਨੂੰ ਡਰਾਉਂਦਾ ਹੈ ਅਤੇ ਨਾ ਹੀ ਕਿਸੇ ਤੋਂ ਡਰਦਾ ਹੈ। ਗੁਰੂ ਤੇਗ ਬਹਾਦੁਰ ਜੀ ਦਾ ਕਥਨ ਹੈ :

**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥**
**ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥**


ਗੁਰੂ ਤੇਗ ਬਹਾਦੁਰ ਸਾਹਿਬ ਜੀ ਨੇ ਜੋ ਕਥਿਆ ਉਹ ਸ਼ਬਦ-ਸ਼ਬਦ ਜੀਵਿਆ ਵੀ। ਆਨੰਦਪੁਰ ਛੱਡ ਦਿੱਲੀ ਵੱਲ ਰਵਾਨਾ ਹੋਣ ਲਗਿਆਂ ਗੁਰੂ ਤੇਗ ਬਹਾਦੁਰ ਜੀ ਨੇ ਬਾਲ ਗੋਬਿੰਦ ਰਾਏ ਨੂੰ ਭਵਿੱਖ ਲਈ ਜੋ ਤਾਕੀਦ ਕੀਤੀ ਉਸਨੂੰ ਕੇਸ਼ਵ ਭੱਟ ਨੇ ਕੁਝ ਇਸ ਤਰ੍ਹਾਂ ਬਿਆਨ ਕੀਤਾ ਹੈ :

**ਚਿਤਿ ਚਰਨ ਕਵਲ ਕਾ ਆਸਰਾ, ਚਿੱਤ ਚਰਣ ਕਵਲ ਸੰਗ ਜੋੜੀਏ।**
**ਮਨ ਲੋਚੈ ਬੁਰਿਆਈਆਂ, ਗੁਰੂ ਸਬਦੀਂ ਇਹ ਮਨ ਹੋੜੀਏ॥**
**ਬਾਂਹਿ ਜਿੰਨ੍ਹਾਂ ਦੀ ਪਕੜੀਏ, ਸਿਰ ਦੀਜੈ ਬਾਂਹਿ ਨਾ ਛੋੜੀਏ।**
**ਤੇਗ ਬਹਾਦੁਰ ਬੋਲਿਆ, ਧਰ ਪਈਐ, ਧਰਮ ਨਾ ਛੋੜੀਏ॥**

ਉਪਰੋਕਤ ਗੁਰੂ ਹੁਕਮ ਕੇਵਲ ਗੁਰੂ ਗੋਬਿੰਦ ਸਿੰਘ ਜੀ ਲਈ ਹੀ ਨਹੀਂ ਬਲਕਿ ਆਉਣ ਵਾਲੀਆਂ ਨਸਲਾਂ ਲਈ ਅਜਿਹਾ ਕ੍ਰਾਂਤੀਕਾਰੀ ਵਿਚਾਰ ਹੈ ਜੋ ਜ਼ਬਰ ਅਨਿਆ, ਸ਼ੋਸ਼ਣ ਅਤੇ ਦਮਨ ਹੰਡਾਉਂਦੀ ਬੱਲ ਹੀਣ ਮਨੁੱਖਤਾ ਅੰਦਰ ਸਾਹਸ ਪੈਦਾ ਕਰ ਸਕਦਾ ਹੈ। ਇਹ ਸਾਹਸ ਹੀ ਹਰੇਕ ਤਰ੍ਹਾਂ ਦੇ ਧੱਕੇ ਵਿਰੁਧ ਨਾਬਰੀ ਦੀ ਉੱਚੀ ਸੁਰ ਬਣ ਕੇ ਗੂੰਜ ਸਕਦੀ ਹੈ।

ਅੰਤ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਇਤਿਹਾਸ ਵਿੱਚ ਗੁਰੂ ਤੇਗ ਬਹਾਦੁਰ ਸਾਹਿਬ ਦਾ ਜੀਵਨ, ਵਿਚਾਰਧਾਰਾ ਅਤੇ ਸ਼ਹਾਦਤ ਵਿਲੱਖਣ ਅਤੇ ਵਿਸ਼ੇਸ਼ ਅਰਥ ਰੱਖਦੇ ਹਨ। ਵਿਲੱਖਣਤਾ ਇਸ ਗੱਲ ਵਿੱਚ ਹੈ ਕਿ ਗੁਰੂ ਜੀ ਦੀ ਸ਼ਹੀਦੀ ਆਪਣੇ ਲਈ ਨਹੀਂ, ਆਪਣੇ ਭਾਈਚਾਰੇ ਲਈ ਨਹੀਂ ਬਲਕਿ ਮਾਨਵਤਾ ਨੂੰ ਬਚਾਉਣ ਖ਼ਾਤਰ ਦਿੱਤੀ ਗਈ। ਇਸ ਗੌਰਵਮਈ ਸ਼ਹਾਦਤ ਨੇ ਨਾ ਕੇਵਲ ਸਿੱਖ ਇਤਿਹਾਸ ਨੂੰ ਨਵਾਂ ਮੋੜ ਦਿੱਤਾ ਅਤੇ ਦੂਜੇ ਪਾਸੇ ਪੂਰੇ ਸੰਸਾਰ ਨੂੰ ਹੱਕ, ਸੱਚ, ਇਨਸਾਫ਼ ਅਤੇ ਧਰਮ ਲਈ ਵੀ ਮਰ-ਮਿਟਣ ਦਾ ਜਜ਼ਬਾ ਪ੍ਰਦਾਨ ਕੀਤਾ। ਗੁਰੂ ਸਾਹਿਬ ਦੇ ਵਿਚਾਰਾਂ ਅਤੇ ਦੀ ਸ਼ਹਾਦਤ ਨੇ ਉਸ ਸਮੇਂ ਦੇ ਮਜ਼ਲੂਮਾਂ, ਨਿਤਾਣਿਆਂ, ਨਿਓਟਿਆਂ ਅਤੇ ਨਿਮਾਣਿਆਂ ਦੇ ਹਿਰਦੇ ਵਿੱਚ ਇੱਕ ਨਵੀਂ ਰੂਹ ਫੂਕ ਦਿੱਤੀ। ਗੁਰੂ ਸਾਹਿਬ ਦੀ ਕੁਰਬਾਨੀ ਨਾ ਕੇਵਲ ਸਮਕਾਲੀਨ ਸਮਾਜ ਲਈ ਬਲਕਿ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਪ੍ਰੇਰਨਾ-ਸਰੋਤ ਬਣ ਗਈ। 21ਵੀਂ ਸਦੀ ਵਿੱਚ ਇਸ ਸ਼ਹਾਦਤ ਦੀ ਮਹੱਤਤਾ ਹੋਰ ਵੀ ਦ੍ਰਿੜ੍ਹ ਹੋ ਜਾਂਦੀ ਹੈ ਕਿਉਂਕਿ ਅੱਜ ਫਿਰ ਸਾਡਾ ਸਮਾਜ ਭਾਸ਼ਾ, ਇਲਾਕੇ ਅਤੇ ਧਰਮ ਆਦਿ ਦੇ ਨਾਂ 'ਤੇ ਅਣਗਿਣਤ ਹਿੱਸਿਆਂ ਵਿੱਚ ਵੰਡਿਆ ਹੋਇਆ ਹੈ। ਗੁਰੂ ਸਾਹਿਬ ਦੀ ਲਾਸਾਨੀ ਸ਼ਹਾਦਤ ਦੀ ਰੋਸ਼ਨੀ ਹੀ ਕੱਟੜਤਾ ਦੇ ਨਸ਼ੇ ਵਿੱਚ ਅੰਨ੍ਹੇ ਹੋਏ ਹਿੰਸਾਵਾਦੀਆਂ ਨੂੰ ਚਾਨਣ ਦੀ ਕਿਰਨ ਦੇ ਸਕਦੀ ਹੈ। ਗੁਰੂ ਸਾਹਿਬ ਦੀ ਮਹਾਨ ਸ਼ਹੀਦੀ ਨੂੰ ਸਾਡੀ ਸ਼ਰਧਾਂਜਲੀ ਇਹ ਹੀ ਹੋਵੇਗੀ ਕਿ ਅਸੀਂ ਮਨੁੱਖਾਂ ਦੇ ਬਣਾਏ ਧਰਮਾਂ ਤੋਂ ਉੱਪਰ ਉੱਠ ਕੇ ਸਰਬ-ਸਾਂਝੇ ਧਰਮ ਅਰਥਾਤ ਮਾਨਵਤਾ, ਅਹਿੰਸਾ, ਦਇਆ, ਅਮਨ ਅਤੇ ਅਖੰਡਤਾ ਦੇ ਰਸਤੇ ਉੱਪਰ ਕਦਮ ਧਰੀਏ।


*ਮੋਬਾ. 8803083825*










ਇਹ ਚਾਰੇ ਪੁਸਤਕਾਂ ਤੁਸੀਂ ਅਮੇਜ਼ਨ ਦੇ ਹੇਠ ਲਿਖੇ ਲਿੰਕ ਤੋਂ ਮੰਗਵਾ ਸਕਦੇ ਹੋ :

https://www.amazon.in/s? k=SHABDLOK+BOOKS&i=stripbooks&qid=1637931848&ref=sr_pg_1